# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਰਾਜਨੀਤੀ ਵਿਗਿਆਨ) ਸਮੈਸਟਰ ਦੂਜਾ

ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

1.1 : ਰਾਜਨੀਤਿਕ ਪ੍ਰਣਾਲੀ: ਅਰਥ, ਪਰਿਭਾਸ਼ਾ, ਮੁੱਖ ਵਿਸ਼ੇਸ਼ਤਾਵਾਂ ਅਤੇ ਕਾਰਜ

1.2 : ਰਾਜਨੀਤਿਕ ਪ੍ਰਣਾਲੀ ਦੇ ਕਾਰਜ: ਈਸਟਨ ਅਤੇ ਆਲਮੰਡ ਦੇ ਵਿਚਾਰ

1.3 : ਅਧਿਕਾਰ-ਅਰਥ, ਪਰਿਭਾਸ਼ਾ ਜਾਂ ਵਿਸ਼ੇਸ਼ਤਾਵਾਂ ਅਤੇ ਕਿਸਮਾਂ

1.4 : ਕਰਤੱਵ: ਅਰਥ, ਅਧਿਕਾਰ ਅਤੇ ਕਰੱਤਵਾਂ ਵਿੱਚ ਸੰਬੰਧ, ਸਮਾਜਿਕ ਪਰਿਵਰਤਨ- ਅਰਥ, ਪਰਿਭਾਸ਼ਾ, ਵਿਸ਼ੇਸ਼ਤਾਵਾਂ ਅਤੇ ਸਿਧਾਂਤ

**Department website : www.pbidde.org**

ਪਾਠ ਨੰ: 1.1 ਡਾ. ਰਵਿੰਦਰ ਕੌਰ

# ਰਾਜਨੀਤਿਕ ਪ੍ਰਣਾਲੀ : ਅਰਥ, ਪਰਿਭਾਸ਼ਾ, ਮੁੱਖ ਵਿਸ਼ੇਸਤਾਵਾਂ, ਕਾਰਜ ਅਤੇ ਰਾਜ ਅਤੇ ਰਾਜਨੀਤਿਕ ਪ੍ਰਣਾਲੀ ਵਿਚ ਅੰਤਰ

**ਪਾਠ ਦੀ ਰੂਪ ਰੇਖਾ**

1.1.1 ਪਾਠ ਦਾ ਉਦੇਸ਼
1.1.2 ਭੂਮਿਕਾ
1.1.3 'ਪ੍ਰਣਾਲੀ' ਦਾ ਅਰਥ ਅਤੇ 'ਰਾਜਨੀਤਿਕ' ਦਾ ਅਰਥ
1.1.4 ਰਾਜਨੀਤਕ ਪ੍ਰਣਾਲੀ ਦਾ ਅਰਥ
1.1.5 ਰਾਜਨੀਤਕ ਪ੍ਰਣਾਲੀ ਦੇ ਮੁੱਖ ਲੱਛਣ
1.1.6 ਰਾਜਨੀਤਿਕ ਪ੍ਰਣਾਲੀ ਦੇ ਕਾਰਜ
1.1.7 ਰਾਜ ਤੇ ਰਾਜਨੀਤਿਕ ਪ੍ਰਣਾਲੀ ਵਿਚ ਅੰਤਰ
1.1.8 ਸਾਰੰਸ਼
1.1.9 ਸਵੈ ਅਭਿਆਸ ਲਈ ਦਿਤੇ ਗਏ ਪ੍ਰਸ਼ਨਾਂ ਦੇ ਉੱਤਰ
1.1.10 ਸੁਝਾਈਆ ਪੁਸਤਕਾਂ

**1.1.1 ਪਾਠ ਦਾ ਉਦੇਸ਼ :**

ਇਸ ਪਾਠ ਦਾ ਮੰਤਵ ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਬਾਰੇ ਸਪਸ਼ਟ ਜਾਣਕਾਰੀ ਦੇਣਾ ਹੈ। ਇਸ ਪਾਠ ਤੋਂ ਬਾਅਦ ਤੁਸੀਂ :

- ਰਾਜਨੀਤਿਕ ਪ੍ਰਣਾਲੀ ਦਾ ਅਰਥ ਅਤੇ ਮੁੱਖ ਲੱਛਣ ਦਸ ਸਕੋਗੇ
- ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਦਾ ਬਿਆਨ ਕਰ ਸਕੋਗੇ।
- ਰਾਜਨੀਤਿਕ ਪ੍ਰਣਾਲੀ ਅਤੇ ਰਾਜ ਵਿਚ ਅੰਤਰ ਸਪਸ਼ਟ ਕਰ ਸਕੋਗੇ

**1.1.2 ਭੂਮਿਕਾ (Introduction)**

ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਅੱਜਕਲ੍ਹ ਰਾਜਨੀਤੀ ਵਿਗਿਆਨ ਦੇ ਅਧਿਐਨ ਦੀ ਇਕ ਬਹੁਤ ਹੀ ਮਹੱਤਵਪੂਰਨ ਧਾਰਨਾ ਹੈ। ਇਸ ਧਾਰਨਾ ਨੇ ਰਾਜਨੀਤੀ ਦੇ ਅਧਿਐਨ ਖੇਤਰ ਨੂੰ ਵਿਸ਼ਾਲ, ਯਥਾਰਥਕ ਅਤੇ ਵਿਵਹਾਰਿਕ ਬਣਾ ਦਿੱਤਾ ਹੈ। ਇਹੀ ਧਾਰਨਾ ਹੈ ਜਿਸ ਦੇ ਆਧਾਰ ਤੇ ਰਾਜਨੀਤੀ ਵਿਗਿਆਨ ਦੇ ਅਧਿਐਨ ਵੀ ਮਹਾਨ ਤੇ ਕ੍ਰਾਂਤੀਕਾਰੀ ਪਰਿਵਰਤਨ ਹੋਏ ਹਨ ਅਤੇ ਵਿਗਿਆਨਕ ਰਾਜਨੀਤਿਕ ਸਿਧਾਂਤ ਬਣਾਉਣ ਦੇ ਕਾਰਜ ਨੂੰ ਬਲ ਮਿਲਿਆ ਹੈ।

ਰਾਜਨੀਤੀ ਵਿਗਿਆਨ ਦਾ ਅਧਿਐਨ ਤਾਂ ਯੂਨਾਨੀਆਂ ਦੇ ਸਮੇਂ ਤੋਂ ਹੀ ਕੀਤਾ ਜਾ ਰਿਹਾ ਹੈ, ਪਰ ਇਸ ਅਧਿਐਨ ਲਈ ਪਹਿਲੇ ਵਿਦਵਾਨਾਂ ਲਈ ਕਈ ਰਵਾਇਤੀ ਪਹੁੰਚਾਂ ਦੀ ਵਰਤੋਂ ਕੀਤੀ। ਸਿੱਟੇ ਵਜੋਂ ਰਾਜਨੀਤਿਕ ਵਿਗਿਆਨ ਕੁਝ ਸੰਸਥਾਵਾਂ ਦੇ ਦਾਰਸ਼ਨਿਕ ਤੇ ਇਤਿਹਾਸਿਕ ਅਧਿਐਨ ਨਾਲ ਹੀ ਜੁੜਿਆ ਰਿਹਾ। ਆਧੁਨਿਕ ਸਮੇਂ ਵਿਚ ਇਹ ਮੰਨ ਲਿਆ ਗਿਆ ਹੈ ਕਿ ਰਾਜਨੀਤਿਕ ਸੰਸਥਾਵਾਂ ਦੇ ਕਾਰਜ ਢੰਗ ਨੂੰ ਸਹੀ ਤਰ੍ਹਾਂ ਸਮਝਣ ਲਈ ਸਾਨੂੰ ਰਸਮੀ ਢਾਂਚਿਆਂ ਦੇ ਨਾਲ ਨਾਲ ਕੁਝ ਗੈਰ ਰਸਮੀ ਪ੍ਰਕ੍ਰਿਆਵਾਂ ਨੂੰ ਵੀ ਸਮਝਣਾ ਪੈਂਦਾ ਹੈ। ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਇਸੇ ਦਿਸ਼ਾ ਵਿਚ ਇਕ ਯਤਨ ਹੈ।

ਇਸ ਧਾਰਨਾ ਦੀ ਸਹਾਇਤਾ ਨਾਲ ਰਾਜਨੀਤਿਕ ਸੰਸਥਾਵਾਂ ਦਾ ਅਧਿਐਨ ਕਰਕੇ ਅਸੀਂ ਨਾ ਕੇਵਲ ਰਾਜਨੀਤਿਕ ਸੰਸਥਾਵਾਂ ਬਾਰੇ ਹੀ ਗਿਆਨ ਪ੍ਰਾਪਤ ਕਰ ਸਕਦੇ ਹਾਂ ਸਗੋਂ ਗੈਰ ਰਸਮੀ ਪ੍ਰਕ੍ਰਿਆਵਾਂ ਨੂੰ ਵੀ

ਸਮਝ ਸਕਦੇ ਹਾਂ। ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਦੀ ਸਹਾਇਤਾ ਨਾਲ ਅਸੀਂ ਰਾਜਨੀਤੀ ਤੇ ਪੈਣ ਵਾਲੇ ਸਮਾਜਿਕ ਤੇ ਆਰਥਿਕ ਪ੍ਰਭਾਵਾਂ ਦਾ ਵੀ ਵਧੀਆ ਢੰਗ ਨਾਲ ਅਧਿਐਨ ਕਰ ਸਕਦੇ ਹਾਂ। ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਨੇ ਤੁਲਨਾਤਮਕ ਰਾਜਨੀਤੀ ਦੇ ਖੇਤਰ ਵਿਚ ਵੱਖ ਵੱਖ ਦੇਸ਼ਾਂ ਦੀਆਂ ਪ੍ਰਣਾਲੀਆਂ ਨੂੰ ਸੁਚੱਜੇ ਢੰਗ ਨਾਲ ਸਮਝਣ ਵਿਚ ਸਾਡੀ ਸਹਾਇਤਾ ਕੀਤੀ ਹੈ।

ਸਭ ਤੋਂ ਪਹਿਲਾਂ ਅਸੀਂ ਸ਼ਬਦ ਰਾਜਨੀਤਿਕ ਪ੍ਰਣਾਲੀ ਦਾ ਅਰਥ ਸਮਝਣ ਦਾ ਯਤਨ ਕਰਾਂਗੇ।

**1.1.3 ਪ੍ਰਣਾਲੀ ਦਾ ਅਰਥ : (Meaning of the term 'System')**

ਇਕ ਧਾਰਨਾ ਵਜੋਂ ਲੋਕਪ੍ਰਿਯਤਾ ਦੇ ਬਾਵਜੂਦ ਵੀ ਪ੍ਰਣਾਲੀ ਦੀ ਕੋਈ ਸਰਵ ਪ੍ਰਵਾਣਿਤ ਪਰਿਭਾਸ਼ਾ ਨਹੀਂ ਹੈ। ਉਦਾਹਰਣ ਵਜੋਂ ਬਰਟਲੰਫੀ (Bertlanfy) ਨੇ ਪ੍ਰਣਾਲੀ ਨੂੰ 'ਆਪਸ ਵਿਚ ਅੰਤਰ ਕ੍ਰਿਆ ਕਰ ਰਹੇ ਤੱਤਾਂ ਦੇ ਸਮੂਹ ਵਜੋਂ ਪ੍ਰੀਭਾਸ਼ਿਤ ਕੀਤਾ ਹੈ' (A set of elements standing in interaction)

**ਹਾਲ ਅਤੇ ਫੈਗਨ (Hall and Fagan)** ਅਨੁਸਾਰ 'ਵਿਵਸਥਾ ਚੀਜਾਂ ਜਾਂ ਵਸਤੂਆਂ (Objects) - ਉਹਨਾਂ ਦੇ ਸੰਬੰਧਾਂ ਤੇ ਵਿਸ਼ੇਸ਼ਤਾਵਾਂ ਦੇ ਸਮੂਹ ਦਾ ਨਾਂ ਹੈ' (A set of objects together with relationships between objects and their attributes) **ਗੈਬਰੀਅਲ ਆਲਮੰਡ (Gabriel Almond)** , ਦੇ ਸ਼ਬਦਾਂ ਵਿਚ ਸਮਾਜ ਵਿਚਲੀਆਂ ਅੰਤਰਕ੍ਰਿਆਵਾਂ ਨੂੰ ਵਿਸ਼ੇਸ਼ ਗੁਣਾਂ ਦਾ ਆਧਾਰ ਦੇਣਾ ਹੀ ਪ੍ਰਣਾਲੀ ਹੈ (A system means attributing a particular set of properties to interactions in society) ਉਸ ਅਨੁਸਾਰ ਇਕ ਪ੍ਰਣਾਲੀ ਦੀਆਂ ਤਿੰਨ ਵਿਸ਼ੇਸ਼ਤਾਈਆਂ ਹੁੰਦੀਆਂ ਹਨ-ਵਿਆਪਕਤਾ (Comprehensiveness) ਅੰਤਰ ਨਿਰਭਰਤਾ (Interdependence) ਅਤੇ ਸੀਮਾਵਾਂ ਦੀ ਹੋਂਦ (Existence of bounderies)

ਇਹਨਾਂ ਪਰਿਭਾਸ਼ਾਵਾਂ ਦੇ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ

(i) ਪ੍ਰਣਾਲੀ ਤੱਤਾਂ, ਵਸਤੂਆਂ ਜਾਂ ਕ੍ਰਿਆਵਾਂ ਜਾਂ ਦੋਹਾਂ ਦਾ ਹੀ ਸਮੂਹ ਹੈ। (System is a set of parts-material or functional or both)

(ii) ਪ੍ਰਣਾਲੀ ਦੇ ਭਾਗ ਜਾਂ ਤੱਤ ਆਪਸ ਵਿਚ ਸੰਬੰਧਿਤ ਹੁੰਦੇ ਹਨ। (Parts or functions of a system are interrelated)

(iii) ਪ੍ਰਣਾਲੀ ਦੇ ਭਾਗ ਜਾਂ ਤੱਤ ਆਪਸ ਵਿਚ ਨਿਰਭਰ ਹੁੰਦੇ ਹਨ। (Parts of a system are interdependent)।

(vi) ਪ੍ਰਣਾਲੀ ਦੇ ਭਾਗ ਜਾਂ ਤੱਤ ਆਪਸ ਵਿਚ ਇਕ ਨਿਰੰਤਰ ਅੰਤਰਕ੍ਰਿਆ (continuous interaction) ਵਿਚ ਰੁੱਝੇ ਹੁੰਦੇ ਹਨ।

(v) ਪ੍ਰਣਾਲੀ ਦਾ ਉਦੇਸ਼ ਜਾਂ ਮੰਤਵ ਕੋਈ ਮੁੱਖ ਕਾਰਜ ਸੰਪੰਨ ਕਰਨਾ ਹੁੰਦਾ ਹੈ। (A system has a major function to perform)

(vi) ਅਧਿਐਨ ਕਰਨ ਦੇ ਉਦੇਸ਼ ਨਾਲ ਇਕ ਵਿਵਸਥਾ ਨੂੰ ਦੂਜੀ ਵਿਵਸਥਾ ਨਾਲੋਂ ਵੱਖ ਕੀਤਾ ਜਾ ਸਕਦਾ ਹੈ।

**ਰਾਜਨੀਤਿਕ ਦੀ ਪਰਿਭਾਸ਼ਾ (Meaning of the term 'political')** 'ਰਾਜਨੀਤਿਕ' ਸ਼ਬਦ ਸਾਰੀਆਂ ਰਾਜਨੀਤਿਕ ਕ੍ਰਿਆਵਾਂ ਲਈ ਵਰਤਿਆ ਜਾਂਦਾ ਹੈ। ਰਾਜਨੀਤਿਕ ਕ੍ਰਿਆਵਾਂ ਵਿਚ ਉਹ ਸਾਰੀਆਂ ਕ੍ਰਿਆਵਾਂ ਸ਼ਾਮਿਲ ਹੁੰਦੀਆਂ ਹਨ ਜਿਹਨਾਂ ਵਿਚ ਮਹੱਤਵਪੂਰਣ ਮਾਤਰਾ ਵਿਚ ਸ਼ਕਤੀ, ਪ੍ਰਭਾਵ, ਨਿਯੰਤਰਣ ਅਤੇ ਸੱਤਾ ਮੌਜੂਦ ਹੁੰਦੀ ਹੈ। (All those activities which involve power, influence, control and authority to a significant-extent) ਈਸਟਨ ਦੇ ਸ਼ਬਦਾਂ ਵਿਚ "ਰਾਜਨੀਤਿਕ ਕ੍ਰਿਆ ਵਿਚ ਉਹ ਸਾਰੀਆਂ ਅੰਤਰਕ੍ਰਿਆਵਾਂ ਆਉਂਦੀਆਂ ਹਨ ਜਿਹੜੀਆਂ ਸਮਾਜ ਵਿਚ ਅਧਿਕਾਰਕ ਮੁੱਲਾਂ ਨੂੰ ਬਣਾਉਣ ਤੇ ਉਹਨਾਂ ਨੂੰ ਲਾਗੂ ਕਰਨ ਵਿਚ ਲੱਗੀਆਂ ਹੁੰਦੀਆਂ ਹਨ।" (Political activitiy includes all interactions involved in the distribution and allocation of authoritative values in the society)

**1.2.4 ਰਾਜਨੀਤਿਕ ਪ੍ਰਣਾਲੀ ਦਾ ਅਰਥ (Meaning of Political System)** 'ਪ੍ਰਣਾਲੀ' ਤੇ 'ਰਾਜਨੀਤਿਕ' ਦੋਹਾਂ ਦਾ ਅਰਥ ਸਮਝ ਲੈਣ ਤੋਂ ਬਾਅਦ ਸਾਡੇ ਲਈ ਰਾਜਨੀਤਿਕ ਪ੍ਰਣਾਲੀ ਦਾ ਅਰਥ ਸਮਝਣਾ ਔਖਾ ਨਹੀਂ।

ਸਾਦੇ ਸ਼ਬਦਾਂ ਵਿਚ 'ਰਾਜਨੀਤਿਕ ਪ੍ਰਣਾਲੀ ਤੋਂ ਭਾਵ ਹੈ ਆਪਸ ਵਿਚ ਸੰਬੰਧਿਤ ਅਤੇ ਆਪਸ ਵਿਚ ਨਿਰਭਰ ਅੰਤਰਕ੍ਰਿਆਵਾਂ ਦਾ ਅਜਿਹਾ ਸਮੂਹ ਜਿਹੜਾ ਸਮਾਜ ਵਿਚ ਸ਼ਕਤੀ, ਪ੍ਰਭਾਵ, ਨਿਯੰਤਰਣ ਅਤੇ ਸੱਤਾ ਦਾ ਪ੍ਰਯੋਗ ਕਰਦਾ ਹੈ ਜਾਂ ਜਿਹੜਾ ਸਮਾਜ ਵਿਚ ਅਧਿਕਾਰਕ ਮੁੱਲਾਂ ਬਣਾਉਂਦਾ ਤੇ ਲਾਗੂ ਕਰਦਾ ਹੈ।

**ਰਾਜਨੀਤਿਕ ਪ੍ਰਣਾਲੀ ਦੀਆਂ ਪਰਿਭਾਸ਼ਾਵਾਂ (Definitions of Political System)**

**ਡੇਵਿਡ ਈਸਟਨ (David Easton) ਅਨੁਸਾਰ,** ''ਰਾਜਨੀਤਿਕ ਪ੍ਰਣਾਲੀ, ਕਿਸੇ ਵੀ ਸਮਾਜ ਵਿਚ ਅੰਤਰਕ੍ਰਿਆਵਾਂ ਦੀ ਉਹ ਵਿਵਸਥਾ ਹੈ ਜਿਸਦੇ ਦੁਆਰਾ ਸਮਾਜ ਵਿਚ ਮੁੱਲਾਂ ਦੀ ਅਧਿਕਾਰਕ ਤੇ ਬੰਧਨਕਾਰੀ ਵੰਡ ਕੀਤੀ ਜਾ ਸਕਦੀ ਹੈ ਅਤੇ ਉਹਨਾਂ ਨੂੰ ਲਾਗੂ ਕੀਤਾ ਜਾ ਸਕਦਾ ਹੈ।'' (Political System is a set of interactions in a society, through which binding and authoritative allocations of values are made and implemented)

ਇਸ ਪਰਿਭਾਸ਼ਾ ਵਿਚ ਵਰਤੇ ਗਏ ਸ਼ਬਦ 'ਮੁੱਲਾਂ' (Values) ਤੋਂ ਭਾਵ ਹੈ, 'ਰਾਜਨੀਤਿਕ ਵਿਵਸਥਾ ਦੁਆਰਾ ਲਏ ਗਏ ਫੈਸਲੇ ਜਿਹਨਾਂ ਦੇ ਆਧਾਰ ਤੇ ਕਾਨੂੰਨ ਜਾਂ ਨਿਯਮ ਬਣਦੇ ਹਨ' ਅਤੇ ਫਿਰ ਇਹਨਾਂ ਨਿਯਮਾਂ ਜਾਂ ਕਾਨੂੰਨਾਂ ਦੇ ਆਧਾਰ ਤੇ ਕੁਝ ਲੋਕਾਂ ਤੋਂ ਕੁਝ ਖੋਹਿਆ ਤੇ ਕੁਝ ਲੋਕਾਂ ਨੂੰ ਕੁੱਝ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਦੁਆਰਾ ਸਮਾਜ ਦੇ ਪੱਛੜੇ ਵਰਗਾਂ ਨੂੰ ਕੁੱਝ ਆਰਥਿਕ ਸਹੂਲਤਾਂ ਬਣਾਉਣ ਲਈ ਬਣਾਏ ਗਏ ਕਾਨੂੰਨ 'ਰਾਜਨੀਤਿਕ-ਵਿਵਸਥਾ ਦੁਆਰਾ ਅਧਿਕਾਰਕ ਮੁੱਲਾਂ ਨੂੰ ਬਣਾਉਣ ਤੇ ਲਾਗੂ ਕਰਨ' ਦੀ ਇਕ ਵਧੀਆ ਉਦਾਹਰਣ ਹਨ, ਕਿਉਂਕਿ ਜਿੱਥੇ ਇਨ੍ਹਾਂ ਦੁਆਰਾ ਪੱਛੜੇ ਵਰਗਾਂ ਨੂੰ ਆਰਥਿਕ ਲਾਭ ਹੋਵੇਗਾ, ਉਥੇ ਉਪਰਲੇ ਵਰਗ ਕੋਲੋਂ ਟੈਕਸ ਦੇ ਰੂਪ ਵਿਚ 'ਕੁਝ ਕੀਮਤੀ ਵਸਤਾਂ ਖੋਹੀਆਂ ਵੀ ਜਾਣਗੀਆਂ।

ਇਕ ਹੋਰ ਮਹੱਤਵਪੂਰਣ ਪਰਿਭਾਸ਼ਾ **ਗੈਬਰੀਅਲ ਏ. ਆਲਮੰਡ (Gabriel A. Almond)** ਦੀ ਹੈ, ਉਸ ਅਨੁਸਾਰ, ''ਰਾਜਨੀਤਿਕ ਪ੍ਰਣਾਲੀ ਸੁਤੰਤਰ ਸਮਾਜਾਂ ਵਿਚ ਮੌਜੂਦ ਅੰਤਰਕ੍ਰਿਆਵਾਂ ਦੀ ਉਹ ਪ੍ਰਣਾਲੀ ਹੈ, ਜਿਹੜੀ ਘੱਟ ਜਾਂ ਵੱਧ ਕਾਨੂੰਨੀ ਤੌਰ ਤੇ ਪ੍ਰਵਾਨਿਤ ਸਰੀਰਕ ਬਲ ਦੀ ਵਰਤੋਂ ਦੁਆਰਾ ਜਾਂ ਇਸਦੀ ਵਰਤੋਂ ਦੀ ਧਮਕੀ ਦੁਆਰਾ ਏਕੀਕਰਨ ਤੇ ਅਨੁਕੂਲਣ ਦੇ ਕਾਰਜ ਨੂੰ (ਆਂਤਰਿਕ ਤੌਰ ਤੇ ਵੀ ਤੇ ਦੂਜੇ ਸਮਾਜਾਂ ਦੇ ਨਾਲ ਸੰਬੰਧਾਂ ਦੇ ਵਜੋਂ ਵੀ ਭਾਵ ਦੋਵੇਂ ਤਰ੍ਹਾਂ) ਨਿਭਾਉਂਦੀ ਹੈ।''

(The political system is that system of interactions to be found in all independent societies which performs the function of integration and adaptation (both internally and vis-a-vis other societies) by means of employment or threat of employment of more or less legitimate physical compulsions)

ਆਲਮੰਡ ਦੀ ਇਸ ਪਰਿਭਾਸ਼ਾ ਦੁਆਰਾ ਰਾਜਨੀਤਿਕ ਪ੍ਰਣਾਲੀ ਸੰਬੰਧੀ ਹੇਠ ਲਿਖੀਆਂ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ :

(1) ਰਾਜਨੀਤਿਕ ਪ੍ਰਣਾਲੀ ਸਾਰੇ ਸੁਤੰਤਰ ਸਮਾਜਾਂ ਵਿਚ ਮੌਜੂਦ ਹੁੰਦੀ ਹੈ।

(2) ਇਹ ਅੰਤਰਕ੍ਰਿਆਵਾਂ ਦੀ ਪ੍ਰਣਾਲੀ ਜਾਂ ਵਿਵਸਥਾ ਹੈ।

(3) ਇਹ ਸਮਾਜ ਦੇ ਅੰਦਰ ਤੇ ਉਸ ਸਮਾਜ ਦੇ ਦੂਜੇ ਸਮਾਜਾਂ ਨਾਲ ਸੰਬੰਧਾਂ ਬਾਰੇ ਏਕੀਕਰਣ ਅਤੇ ਅਨੁਕੂਲਣ ਦਾ ਕੰਮ ਕਰਦੀ ਹੈ ਭਾਵ ਇਹ ਸਮਾਜਿਕ ਪ੍ਰਣਾਲੀ ਦਾ ਇਕ ਭਾਗ ਹੈ।

(4) ਇਸ ਕਾਰਜ ਨੂੰ ਕਰਨ ਲਈ ਉਹ ਭੌਤਿਕ ਬਲ ਪ੍ਰਯੋਗ ਜਾਂ ਬਲ ਪ੍ਰਯੋਗ ਦੀ ਧਮਕੀ ਦਾ ਆਸਰਾ ਲੈਂਦੀ ਹੈ ਭਾਵ ਇਸ ਕੋਲ ਸੱਤਾ ਹੁੰਦੀ ਹੈ ਜਿਸ ਰਾਹੀਂ ਇਹ ਆਪਣੀ ਇੱਛਾ ਦੂਜਿਆਂ ਤੇ ਲਾਗੂ ਕਰ ਸਕਦੀ ਹੈ।

**1.1.5 ਰਾਜਨੀਤਿਕ ਪ੍ਰਣਾਲੀ ਦੇ ਮੁੱਖ ਲੱਛਣ (Characteristics of Political System) :** ਰਾਜਨੀਤਿਕ ਪ੍ਰਣਾਲੀ ਦੇ ਹੇਠ ਲਿਖੇ ਲੱਛਣ ਹੁੰਦੇ ਹਨ :

**1.1.5.1. ਵਿਆਪਕਤਾ (Comprehensiveness)**

ਆਲਮੰਡ ਤੇ ਪਾਵੇਲ ਅਨੁਸਾਰ ਵਿਆਪਕਤਾ ਰਾਜਨੀਤਿਕ ਪ੍ਰਣਾਲੀ ਦੇ ਜ਼ਰੂਰੀ ਲੱਛਣਾਂ ਵਿਚੋਂ ਇਕ ਹੈ। ਇਸ ਵਿਚ ਕੇਵਲ ਸ਼ਾਸਨ ਪ੍ਰਣਾਲੀ ਜਾਂ ਸਰਕਾਰ ਨਾਲ ਜੁੜੇ ਢਾਂਚੇ ਹੀ ਭਾਵ ਵਿਧਾਨਪਾਲਿਕਾ, ਕਾਰਜਪਾਲਿਕਾ

ਤੇ ਨਿਆਂਪਾਲਿਕਾ ਹੀ ਨਹੀਂ ਸ਼ਾਮਿਲ ਹੁੰਦੇ ਸਗੋਂ ਉਹ ਸਾਰੇ ਰਸਮੀ ਤੇ ਗੈਰ ਰਸਮੀ ਢਾਂਚੇ ਵੀ ਸ਼ਾਮਿਲ ਹੁੰਦੇ ਹਨ ਜੋ ਕਿਸੇ ਤਰ੍ਹਾਂ ਵੀ ਰਾਜਨੀਤਿਕ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਦੇ ਹਨ, ਸੋ ਇਸ ਲਈ ਇਸ ਵਿਚ ਖੂਨ ਸੰਬੰਧ (Kinship) ਜਾਤੀ ਸਮੂਹ, ਕਤਲ, ਦੰਗੇ, ਜਲਸੇ ਤੇ ਜਲੂਸ, ਰਾਜਨੀਤਿਕ ਪਾਰਟੀਆਂ ਤੇ ਦਬਾਓ ਸਮੂਹ, ਧਾਰਮਿਕ ਅਤੇ ਸਭਿਆਚਾਰਕ ਸੰਗਠਨ ਆਦਿ ਸਭ ਸ਼ਾਮਿਲ ਹੁੰਦੇ ਹਨ।

**1.1.5.2. ਅੰਤਰ ਨਿਰਭਰਤਾ (Interdependence)**

ਇਸਦਾ ਭਾਵ ਹੈ ਕਿ ਰਾਜਨੀਤਿਕ ਪ੍ਰਣਾਲੀ ਵਿਚਲੀਆਂ ਅੰਤਰ ਕ੍ਰਿਆਵਾਂ ਜਾਂ interactions ਇਕ ਦੂਜੇ ਉਪਰ ਨਿਰਭਰ ਕਰਦੇ ਹਨ ਜਾਂ ਫਿਰ ਇਉਂ ਕਹਿ ਲਉ ਕਿ ਹਰ ਅੰਤਰ ਕ੍ਰਿਆ ਦੂਜੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਉਸ ਤੋਂ ਪ੍ਰਭਾਵਿਤ ਵੀ ਹੁੰਦੀ ਹੈ। ਇਸ ਤੋਂ ਇਹ ਵੀ ਭਾਵ ਹੈ ਕਿ ਜਦੋਂ ਅੰਤਰ ਕ੍ਰਿਆਵਾਂ ਦੇ ਇਕ ਸਮੂਹ ਵਿਚ ਅੰਤਰ ਆਉਂਦਾ ਹੈ ਤਾਂ ਅੰਤਰ ਕ੍ਰਿਆਵਾਂ ਦੇ ਦੂਜੇ ਸਮੂਹ ਵੀ ਉਸ ਅੰਤਰ ਜਾਂ ਪ੍ਰੀਵਰਤਨ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਉਦਾਹਰਣ ਵਜੋਂ ਜਦੋਂ ਕਿਸੇ ਲੋਕਤੰਤਰੀ ਢਾਂਚੇ ਵਿਚ ਵਿਧਾਨ ਮੰਡਲ ਤੇ ਨਿਆਂਪਾਲਿਕਾ ਦੀਆਂ ਸ਼ਕਤੀਆਂ ਘੱਟ ਜਾਂਦੀਆਂ ਹਨ ਤਾਂ ਉਸ ਪ੍ਰਣਾਲੀ ਵਿਚ ਕੰਮ ਕਰ ਰਹੀਆਂ ਸਾਰੀਆਂ ਲੋਕਤੰਤਰੀ ਸੰਰਚਨਾਵਾਂ (Structures) ਪ੍ਰਭਾਵਿਤ ਹੁੰਦੇ ਹਨ ਤੇ ਉਹਨਾਂ ਦੀ ਸ਼ਕਤੀ ਘੱਟਦੀ ਹੈ। ਸੌਖੇ ਸ਼ਬਦਾਂ ਵਿਚ ਅੰਤਰ ਨਿਰਭਰਤਾ ਦਾ ਅਰਥ ਇਹ ਹੈ ਕਿ ਰਾਜਨੀਤਿਕ ਪ੍ਰਣਾਲੀ ਵਿਚ ਸਭ ਹਿੱਸੇ ਜਾਂ ਭਾਗ, ਸਭ ਕਾਰਜ ਅਤੇ ਸਭ ਅੰਤਰ ਕ੍ਰਿਆਵਾਂ ਇਕ ਦੂਜੇ ਤੇ ਨਿਰਭਰ ਕਰਦੀਆਂ ਹਨ।

**1.1.5.3. ਸੀਮਾਵਾਂ ਦੀ ਹੋਂਦ (Existence of Boundaries)**

ਆਲਮੰਡ ਤੇ ਪਾਵੇਲ ਅਨੁਸਾਰ, ਰਾਜਨੀਤਿਕ ਪ੍ਰਣਾਲੀ ਦੀਆਂ ਸੀਮਾਵਾਂ ਜਾਂ (boundaries) ਹੁੰਦੀਆਂ ਹਨ, ਜੋ ਇਸ ਨੂੰ ਸਮਾਜ ਵਿਚ ਮੌਜੂਦ ਹੋਰ ਪ੍ਰਣਾਲੀਆਂ ਜਿਹਾ ਕਿ ਸਮਾਜਿਕ ਪ੍ਰਣਾਲੀ ਅਤੇ ਆਰਥਿਕ ਪ੍ਰਣਾਲੀ ਆਦਿ ਤੋਂ ਨਿਖੇੜਦੀਆਂ ਹਨ। ਇਹ ਸੀਮਾਵਾਂ ਕਾਰਜਾਤਮਕ (functional) ਹੁੰਦੀਆਂ ਹਨ ਅਤੇ ਸਮੇਂ ਸਮੇਂ ਤੇ ਬਦਲਦੀਆਂ ਰਹਿੰਦੀਆਂ ਹਨ। ਇਹੀ ਨਹੀਂ, ਸਾਰੀਆਂ ਰਾਜਨੀਤਿਕ ਪ੍ਰਣਾਲੀਆਂ ਦੀਆਂ ਸੀਮਾਵਾਂ ਵੀ ਇਕੋ ਜਿਹੀਆਂ ਨਹੀਂ ਹੁੰਦੀਆਂ-ਭਾਵ ਵੱਖ ਵੱਖ ਰਾਜਨੀਤਿਕ ਪ੍ਰਣਾਲੀਆਂ ਦੀਆਂ ਸੀਮਾਵਾਂ ਵੱਖ ਵੱਖ ਹੁੰਦੀਆਂ ਹਨ। ਪ੍ਰੰਪਰਾਗਤ ਰਾਜਨੀਤਿਕ ਪ੍ਰਣਾਲੀ (Traditional Political Systems) ਵਿਚ ਇਹ ਸੀਮਾਵਾਂ ਅਸਪਸ਼ਟ ਹੁੰਦੀਆਂ ਹਨ ਤੇ ਉਹਨਾਂ ਨੂੰ ਸਮਾਜ ਵਿਚ ਮੌਜੂਦ ਹੋਰ ਪ੍ਰਣਾਲੀਆਂ ਤੋਂ ਅੱਡ ਕਰਨਾ ਮੁਸ਼ਕਿਲ ਹੁੰਦਾ ਹੈ ਪਰ ਜਦੋਂ ਵੀ ਕੋਈ ਰਾਜਨੀਤਿਕ ਪ੍ਰਣਾਲੀ ਰਾਜਨੀਤਿਕ ਵਿਕਾਸ ਤੇ ਰਾਜਨੀਤਿਕ ਆਧੁਨਿਕੀਕਰਣ ਦੇ ਰਸਤੇ ਤੇ ਜਾਂਦੀ ਹੈ ਤਾਂ ਇਸ ਦੀਆਂ ਸੀਮਾਵਾਂ ਵਧੇਰੇ ਸਪਸ਼ਟ ਹੁੰਦੀਆਂ ਜਾਂਦੀਆਂ ਹਨ।

**1.1.5.4. ਵੱਧ ਸ਼ਕਤੀ ਦਾ ਪ੍ਰਯੋਗ (Use of legitimate power)**

ਹਰ ਰਾਜਨੀਤਿਕ ਪ੍ਰਣਾਲੀ ਵਿਚ ਵੱਧ ਸ਼ਕਤੀ ਨਿਹਿਤ ਹੁੰਦੀ ਹੈ, ਜਿਸ ਰਾਹੀਂ ਇਹ ਆਪਣੇ ਨਿਰਣਿਆਂ ਕਾਨੂੰਨਾਂ ਨਿਯਮਾਂ ਤੇ ਨੀਤੀਆਂ ਨੂੰ ਲਾਗੂ ਕਰਦੀ ਹੈ ਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਸਦਾ ਇਹ ਖਾਸ ਲੱਛਣ ਹੈ ਜੋ ਇਸਨੂੰ ਸਮਾਜਿਕ ਤੇ ਆਰਥਿਕ ਪ੍ਰਣਾਲੀ ਤੋਂ ਨਿਖੇੜਦਾ ਹੈ। ਵੱਧ ਸ਼ਕਤੀ, ਅਸਲ ਵਿਚ ਸਾਰੀ ਰਾਜਨੀਤਿਕ ਗਤੀਵਿਧੀ ਦਾ ਆਧਾਰ ਹੈ ਅਤੇ ਸਮਾਜ ਵਿਚਲੀ ਅਧਿਕਾਰਿਕ ਤੇ ਜਾਇਜ਼ ਸ਼ਕਤੀ ਦੀ ਵਰਤੋਂ ਕੇਵਲ ਰਾਜਨੀਤਿਕ ਪ੍ਰਣਾਲੀ ਦੁਆਰਾ ਹੀ ਕੀਤੀ ਜਾ ਸਕਦੀ ਹੈ।

**1.1.5.5. ਰਾਜਨੀਤਿਕ ਪ੍ਰਣਾਲੀਆਂ ਦੀ ਸਰਬ ਵਿਆਪਕਤਾ (Universality of Political Systems)**

ਇਸਦਾ ਭਾਵ ਹੈ ਕਿ ਹਰ ਇਕ ਸਮਾਜ ਵਿਚ ਭਾਵੇਂ ਉਹ ਕਿੰਨਾ ਵੀ ਪਿਛੜਿਆ ਹੋਵੇ ਜਾਂ ਆਧੁਨਿਕ, ਵਿਕਸਿਤ ਹੋਵੇ ਜਾਂ ਵਿਕਾਸਸ਼ੀਲ-ਇਕ ਰਾਜਨੀਤਿਕ ਪ੍ਰਣਾਲੀ ਹੋਣੀ ਜ਼ਰੂਰੀ ਹੈ-ਭਾਵ ਅੰਤਰ ਕ੍ਰਿਆਵਾਂ ਦਾ ਇਕ ਅਜਿਹਾ ਵੱਧ ਢਾਂਚਾ ਹੋਣਾ ਲਾਜ਼ਮੀ ਹੈ-ਜਿਸ ਰਾਹੀਂ ਅੰਦਰੂਨੀ ਤੇ ਬਾਹਰੀ ਸ਼ਾਂਤੀ ਤੇ ਵਿਵਸਥਾ ਕਾਇਮ ਰੱਖੀ ਜਾਂਦੀ ਹੈ। ਇਹ ਰਾਜਨੀਤਿਕ ਪ੍ਰਣਾਲੀ ਹਰ ਸਮਾਜ ਵਿਚ ਵੱਖ ਵੱਖ ਹੋ ਸਕਦੀ ਹੈ।

**1.1.5.6. ਰਾਜਨੀਤਿਕ ਢਾਂਚਿਆਂ ਦੀ ਸਰਬ ਵਿਆਪਕਤਾ (Universality of Political Structures)**

ਆਲਮੰਡ ਦੇ ਮਤ ਅਨੁਸਾਰ ਹਰ ਇਕ ਰਾਜਨੀਤਿਕ ਪ੍ਰਣਾਲੀ ਵਿਚ ਕੁਝ ਕੁ ਰਾਜਨੀਤਿਕ ਸੰਰਚਨਾਵਾਂ ਜਾਂ ਢਾਂਚਿਆਂ (structures) ਦਾ ਹੋਣਾ ਜ਼ਰੂਰੀ ਹੈ ਜੋ ਕੁਝ ਕਾਰਜ ਨਿਭਾਉਂਦੇ ਹਨ ਪ੍ਰੰਪਰਾਗਤ

ਜਾਂ ਪੁਰਾਤਨ ਰਾਜਨੀਤਿਕ ਪ੍ਰਣਾਲੀਆਂ ਦੇ ਢਾਂਚੇ ਬਹੁਤ ਸਰਲ ਤੇ ਸਾਧਾਰਣ ਹੁੰਦੇ ਸਨ, ਜਦਕਿ ਆਧੁਨਿਕ ਪ੍ਰਣਾਲੀਆਂ ਵਿਚ ਇਹ ਕਾਫੀ ਗੁੰਝਲਦਾਰ ਹੁੰਦੇ ਹਨ। ਪ੍ਰੰਪਰਾਗਤ ਧਾਰਨਾ ਅਨੁਸਾਰ ਕੇਵਲ ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂ ਪਾਲਿਕਾ ਨੂੰ ਹੀ ਰਾਜਨੀਤਿਕ ਢਾਂਚੇ ਮੰਨਿਆ ਜਾਂਦਾ ਸੀ, ਪਰ ਆਧੁਨਿਕ ਵਿਚਾਰ ਅਨੁਸਾਰ ਉਹ ਸਾਰੇ ਰਸਮੀ ਤੇ ਗੈਰ ਰਸਮੀ ਸਮੂਹਾਂ ਨੂੰ ਰਾਜਨੀਤਿਕ ਢਾਂਚਿਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ ਜੋ ਕਿਸੇ ਤਰ੍ਹਾਂ ਵੀ ਭਾਵ ਸਿੱਧੇ ਜਾਂ ਅਸਿੱਧੇ ਤੌਰ ਤੇ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ।

**1.1.5.7. ਰਾਜਨੀਤਿਕ ਕਾਰਜਾਂ ਦੀ ਸਰਬ ਵਿਆਪਕਤਾ (Universality of Political Functions)**

ਰਾਜਨੀਤਿਕ ਪ੍ਰਣਾਲੀਆਂ ਦਾ ਇਕ ਹੋਰ ਸਾਂਝਾ ਲੱਛਣ ਹੈ ਕਿ ਸਾਰੀਆਂ ਹੀ ਰਾਜਨੀਤਿਕ ਪ੍ਰਣਾਲੀਆਂ ਨੂੰ ਕੁਝ ਕਾਰਜ ਕਰਨੇ ਪੈਂਦੇ ਹਨ। ਹੋ ਸਕਦਾ ਹੈ ਕਿ ਕਿਸੇ ਇਕ ਰਾਜਨੀਤਿਕ ਪ੍ਰਣਾਲੀ ਦੇ ਕਾਰਜ ਜ਼ਿਆਦਾ ਹੋਣ ਤੇ ਦੂਜੀ ਦੇ ਘੱਟ, ਪਰ ਅਜਿਹੀ ਕੋਈ ਪ੍ਰਣਾਲੀ ਨਹੀਂ ਹੋ ਸਕਦੀ ਕਿ ਜੋ ਰਾਜਨੀਤਿਕ ਕਾਰਜ ਕਰਦੀ ਹੀ ਨਾ ਹੋਵੇ। ਇਹਨਾਂ ਦੇ ਕੰਮਾਂ ਦੀ ਬਾਰੰਬਾਰਤਾ (frequency) ਵਿਚ ਫਰਕ ਹੋ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਇਕ ਪ੍ਰਣਾਲੀ ਵਿਚ ਇਕ ਕਾਰਜ ਕਿਸੇ ਇਕ ਵਿਸ਼ੇਸ਼ ਢਾਂਚੇ ਦੁਆਰਾ ਕੀਤਾ ਜਾਂਦਾ ਹੋਵੇ ਤੇ ਦੂਜੀ ਵਿਚ ਕਿਸੇ ਹੋਰ ਢਾਂਚੇ ਦੁਆਰਾ-ਪਰ ਰਾਜਨੀਤਿਕ ਕਾਰਜਾਂ ਦੀ ਹੋਂਦ ਸਾਰੀਆਂ ਰਾਜਨੀਤਿਕ ਪ੍ਰਣਾਲੀਆਂ ਵਿਚ ਹੁੰਦੀ ਹੈ। ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਨੂੰ ਚਾਰ ਨਿਵੇਸ਼ ਕਾਰਜਾਂ (inputs) ਅਤੇ ਤਿੰਨ ਨਿਕਾਸ ਕਾਰਜਾਂ (ouputs) ਵਿਚ ਵੰਡਿਆ ਜਾ ਸਕਦਾ ਹੈ।

**1.1.5.8. ਇਹ ਨਿਵੇਸ਼ ਕਾਰਜ ਹਨ : (Inputs)**

(i) ਰਾਜਨੀਤਿਕ ਸਮਾਜੀਕਰਣ ਅਤੇ ਭਰਤੀ (Political socialisation and recruitment)
(ii) ਹਿੱਤ ਸਪੱਸ਼ਟੀਕਰਣ (Interest Articulation)
(iii) ਹਿੱਤ ਸਮੂਹੀਕਰਣ (Interest Aggregation)
(iv) ਰਾਜਨੀਤਿਕ ਸੰਚਾਰ (Political Communication)

ਅਤੇ ਰਾਜਨੀਤਿਕ ਪ੍ਰਣਾਲੀ ਦੇ ਨਿਕਾਸ ਕਾਰਜ ਹਨ : (Ouputs)

(i) ਨਿਯਮ ਨਿਰਮਾਣ (Rule Making)
(ii) ਨਿਯਮ ਲਾਗੂ ਕਰਨਾ (Rule application)
(iii) ਨਿਯਮਾਂ ਅਨੁਸਾਰ ਨਿਆਂ ਕਰਨਾ (Rule adjudication)

**1.1.5.9. ਰਾਜਨੀਤਿਕ ਸੰਰਚਨਾਵਾਂ ਜਾਂ ਢਾਂਚਿਆਂ ਦੀ ਬਹੁਕਾਰਜਾਤਮਕਤਾ (Multifunctionality of political structures)**

ਰਾਜਨੀਤਿਕ ਪ੍ਰਣਾਲੀਆਂ ਦੀ ਇਕ ਹੋਰ ਸਾਂਝੀ ਵਿਸ਼ੇਸ਼ਤਾ ਇਹ ਹੈ ਕਿ ਇਹਨਾਂ ਦੇ ਢਾਂਚਿਆਂ ਜਾਂ ਸੰਰਚਨਾਂਵਾਂ ਨੂੰ ਇਕ ਤੋਂ ਜ਼ਿਆਦਾ ਪ੍ਰਕਾਰ ਦੇ ਕਾਰਜ ਕਰਨੇ ਪੈਂਦੇ ਹਨ ਭਾਵ ਇਹਨਾਂ ਦੇ ਢਾਂਚੇ ਇਕ ਤੋਂ ਵਧ ਕਾਰਜ ਕਰਨ ਵਾਲੇ (Multifunctional) ਹੁੰਦੇ ਹਨ। ਉਦਾਹਰਣ ਵਜੋਂ ਵਿਧਾਨਪਾਲਿਕਾ ਨੂੰ ਹੀ ਲੈ ਲਓ ਤਾਂ ਇਹ ਸਿਰਫ ਕਾਨੂੰਨ ਹੀ ਨਹੀਂ ਬਣਾਉਂਦੀ, ਸਗੋਂ ਕਾਰਜਪਾਲਿਕਾ ਰਾਸ਼ਟਰੀ ਧਨ ਉਤੇ ਨਿਯੰਤਰਣ ਵੀ ਰੱਖਦੀ ਹੈ। ਇਸੇ ਤਰ੍ਹਾਂ ਅਸੀਂ ਰਾਜਨੀਤਿਕ ਦਲਾਂ ਦੀ ਉਦਾਹਰਣ ਲੈ ਸਕਦੇ ਹਾਂ, ਜੋ ਕਈ ਪ੍ਰਕਾਰ ਦੇ ਕਾਰਜ ਕਰਦੇ ਹਨ ਜਿਵੇਂ ਚੋਣ ਲੜਨਾ, ਸਰਕਾਰ ਬਣਾਉਣਾ, ਸਰਕਾਰ ਦੀ ਆਲੋਚਨਾ ਕਰਨਾ ਅਤੇ ਲੋਕਾਂ ਤੇ ਸਰਕਾਰ ਵਿਚਕਾਰ ਇਕ ਕੜ੍ਹੀ ਵਜੋਂ ਕਾਰਜ ਕਰਨਾ ਆਦਿ।

**1.1.5.10 ਰਾਜਨੀਤਿਕ ਪ੍ਰਣਾਲੀਆਂ ਦਾ ਸੰਸਕ੍ਰਿਤਕ ਤੌਰ ਤੇ ਰਲਿਆ ਮਿਲਿਆ ਸਰੂਪ (Political Systems are of culturally mixed character)**

ਸਾਧਾਰਣ ਸ਼ਬਦਾਂ ਵਿਚ ਇਸਦਾ ਭਾਵ ਹੈ ਕਿ ਸਾਰੀਆਂ ਰਾਜਨੀਤਿਕ ਪ੍ਰਣਾਲੀਆਂ ਦਾ ਸਰੂਪ ਸੰਸਕ੍ਰਿਤੀ ਦੇ ਪੱਖੋਂ ਰਲਿਆ ਮਿਲਿਆ (Mixed) ਹੁੰਦਾ ਹੈ ਤੇ ਕੋਈ ਵੀ ਰਾਜਨੀਤਿਕ ਪ੍ਰਣਾਲੀ -ਉਹ ਭਾਵੇਂ ਪ੍ਰਾਰੰਪਰਿਕ ਹੋਵੇ ਜਾਂ ਆਧੁਨਿਕ, ਪੂਰਨ ਰੂਪ ਪ੍ਰਾਪੰਰਿਕ ਜਾਂ ਆਧੁਨਿਕ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਦੂਜੇ ਸ਼ਬਦਾਂ ਵਿਚ ਬਹੁਤ ਹੀ ਪ੍ਰਾਪੰਰਿਕ ਪ੍ਰਣਾਲੀ ਵਿਚ ਵੀ ਸਾਨੂੰ ਆਧੁਨਿਕ ਸੰਸਕ੍ਰਿਤੀ ਦੇ ਕੁਝ ਨਾ ਕੁਝ ਅੰਸ਼ ਮਿਲ ਜਾਣਗੇ

, ਇਸੇ ਤਰ੍ਹਾਂ ਬਹੁਤ ਹੀ ਆਧੁਨਿਕ ਹੋਣ ਦਾ ਦਾਅਵਾ ਕਰਨ ਵਾਲੀ ਰਾਜਨੀਤਿਕ ਪ੍ਰਣਾਲੀ ਵਿਚ ਪ੍ਰੰਪਰਾਗਤ ਤੇ ਪੁਰਾਤਨ ਸੰਰਚਨਾਵਾਂ ਦੀ ਝਲਕ ਕਿਧਰੇ ਨਾ ਕਿਧਰੇ ਨਾ ਕਿਤੇ ਨਾ ਕਿਤੇ ਦਿਖਾਈ ਦੇ ਹੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਬ੍ਰਿਟਿਸ਼ ਰਾਜਨੀਤਿਕ ਪ੍ਰਣਾਲੀ ਹੀ ਲੈ ਲਉ, ਭਾਵੇਂ ਇਹ ਇਕ ਆਧੁਨਿਕ ਲੋਕਤੰਤਰੀ ਰਾਜ ਹੈ ਪਰ ਫਿਰ ਵੀ ਇੱਥੇ ਰਾਜਤੰਤਰ ਵਰਗੀ ਮਧਕਾਲੀਨ ਸੰਸਥਾ ਅਜੇ ਵੀ ਮੌਜੂਦ ਹੈ। ਇਸੇ ਤਰ੍ਹਾਂ ਭਾਰਤੀ ਲੋਕਤੰਤਰ ਤੇ ਜਾਤੀ, ਧਰਮ ਤੇ ਫਿਰਕਾ ਪ੍ਰਸਤੀ ਦੇ ਪ੍ਰਭਾਵ ਨੂੰ ਅਸੀਂ ਆਧੁਨਿਕਤਾ ਤੇ ਪ੍ਰੰਪਰਾਗਤ ਸੰਰਚਨਾਵਾਂ ਤੇ ਸੰਸਕ੍ਰਿਤੀ ਦਾ ਮਿਸ਼ਰਣ ਹੀ ਕਹਿ ਸਕਦੇ ਹਾਂ।

**1.1.5.11. ਰਾਜਨੀਤਿਕ ਪ੍ਰਣਾਲੀ ਦਾ ਵਾਤਾਵਰਣ : (Environment of a political system)**

ਰਾਜਨੀਤਿਕ ਪ੍ਰਣਾਲੀ ਦੇ ਵਾਤਾਵਰਣ ਤੋਂ ਭਾਵ ਉਹਨਾਂ ਤੱਤਾਂ ਤੋਂ ਹੈ ਜੋ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੇ ਹਨ। ਡੇਵਿਡ ਈਸਟਨ ਦਾ ਮੱਤ ਹੈ ਕਿ ਹਰ ਇਕ ਰਾਜਨੀਤਿਕ ਪ੍ਰਣਾਲੀ ਇਕ ਖਾਸ ਵਾਤਾਵਰਣ ਵਿਚ ਕਾਰਜ ਕਰਦੀ ਹੈ ਅਤੇ ਉਸ ਵਾਤਾਵਰਣ ਤੋਂ ਪ੍ਰਭਾਵਿਤ ਵੀ ਹੁੰਦੀ ਹੈ। ਡੇਵਿਡ ਈਸਟਨ ਰਾਜਨੀਤਿਕ ਪ੍ਰਣਾਲੀ ਦੇ ਵਾਤਾਵਰਣ ਨੂੰ ਦੋ ਭਾਗਾਂ ਵਿਚ ਵੰਡਦਾ ਹੈ, - ਸਮਾਜ ਦੇ ਅੰਦਰ ਦਾ ਵਾਤਾਵਰਣ (Intra-societal Environment) ਅਤੇ ਸਮਾਜ ਦੇ ਬਾਹਰ ਦਾ ਵਾਤਾਵਰਣ (Extrasocietal Environment)

ਸਮਾਜ ਦੇ ਅੰਦਰ ਦੇ ਵਾਤਾਵਰਣ ਵਿਚ ਉਹ ਉਸ ਰਾਜਨੀਤਿਕ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਜੀਵਨ ਜਾਂ ਤੱਤਾਂ ਨੂੰ ਸ਼ਾਮਿਲ ਕਰਦਾ ਹੈ। ਇਸ ਤਰ੍ਹਾਂ ਕਿਸੇ ਰਾਜਨੀਤਿਕ ਪ੍ਰਣਾਲੀ ਦੀ ਸੰਸਕ੍ਰਿਤੀ ਅਰਥ ਵਿਵਸਥਾ, ਸਮਾਜਿਕ ਢਾਂਚੇ, ਵਸ਼ਿਸ਼ਟ ਵਰਗ, ਰਾਜਨੀਤਿਕ ਦਲ ਤੇ ਹੋਰ ਸਭ ਸੰਸਥਾਵਾਂ ਸ਼ਾਮਿਲ ਹਨ ਜਿਸ ਵਿਚ ਕੋਈ ਰਾਜਨੀਤਿਕ ਪ੍ਰਣਾਲੀ ਕਾਰਜ ਕਰਦੀ ਹੈ।

ਜਦ ਕਿ ਸਮਾਜ ਦੇ ਬਾਹਰ ਦੇ ਵਾਤਾਵਰਣ ਵਿਚ ਉਹ ਅੰਤਰ ਰਾਸ਼ਟਰੀ ਸੰਸਥਾਵਾਂ, ਅੰਤਰ ਰਾਸ਼ਟਰੀ ਕਾਨੂੰਨ ਅਤੇ ਅੰਤਰ ਰਾਸ਼ਟਰੀ ਰਾਜਨੀਤੀ ਆਦਿ ਨੂੰ ਸ਼ਾਮਿਲ ਕਰਦਾ ਹੈ।

ਡੇਵਿਡ ਈਸਟਨ ਦਾ ਮੱਤ ਹੈ ਕਿ ਕਿਸੇ ਪ੍ਰਣਾਲੀ ਦੇ ਅੰਦਰ ਦਾ ਵਾਤਾਵਰਣ ਤੇ ਬਾਹਰ ਦਾ ਵਾਤਾਵਰਣ ਹੀ ਮਿਲਕੇ ਹੀ ਕਿਸੇ ਪ੍ਰਣਾਲੀ ਦੇ (Inputs) ਨਿਵੇਸ਼ਾਂ ਨਿਸ਼ਚਿਤ ਕਰਦੇ ਹਨ ਤੇ ਇਹਨਾਂ ਦੇ ਆਧਾਰ ਤੇ ਹੀ ਫਿਰ (Outputs) ਜਾਂ ਨਿਕਾਸ ਰਾਜਨੀਤਿਕ ਪ੍ਰਣਾਲੀ ਵਿਚੋਂ ਨਿਕਲਦੇ ਹਨ।

**ਸਵੈ ਅਭਿਆਸ ਲਈ ਪ੍ਰਸ਼ਨ**

(1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦੱਸੋ

(2) ਆਪਣੇ ਉੱਤਰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ

- (1) ਰਾਜਨੀਤਿਕ ਪ੍ਰਣਾਲੀ..........ਦੀ ਵਿਵਸਥਾ ਹੈ।
- (2) ਰਾਜਨੀਤਿਕ ਪ੍ਰਣਾਲੀ ਦੇ ਕੋਈ ਚਾਰ ਲੱਛਣ ਲਿਖੋ (ਕੇਵਲ ਸਿਰਲੇਖ)
- (3) ਪ੍ਰਣਾਲੀ ਪਹੁੰਚ ਦੇ ਦੋ ਮੁੱਖ ਸਮਰਥਕਾਂ ਦੇ ਨਾਂ ਲਿਖੋ।

ਪਾਠ ਨੰ: 1.2 ਡਾ. ਰਵਿੰਦਰ ਕੌਰ

# ਰਾਜਨੀਤਿਕ ਪ੍ਰਣਾਲੀ ਦੇ ਕਾਰਜ ਡੇਵਿਡ ਈਸਟਨ ਅਤੇ ਅਕਮੰਡ ਦੇ ਵਿਚਾਰ

**ਰਾਜਨੀਤਿਕ ਪ੍ਰਣਾਲੀ ਦੇ ਕਾਰਜ (Functions of a Political System)**

ਹੁਣ ਅਸੀਂ ਰਾਜਨੀਤਿਕ ਪ੍ਰਣਾਲੀ ਜਾਂ ਵਿਵਸਥਾ ਦੇ ਕਾਰਜਾਂ ਦੀ ਚਰਚਾ ਕਰਾਂਗੇ। ਡੇਵਿਡ ਈਸਟਨ ਦਾ ਮੱਤ ਹੈ ਕਿ ਰਾਜਨੀਤਿਕ ਵਿਵਸਥਾ ਅਸਲ ਵਿਚ ਨਿਵੇਸ਼ਾਂ ਨੂੰ ਨਿਕਾਸਾਂ ਵਿਚ ਬਦਲਣ ਦਾ ਕਾਰਜ ਕਰਦੀ ਹੈ। (ਜਿਹਨਾਂ ਬਾਰੇ ਅਸੀਂ ਰਾਜਨੀਤਿਕ ਪ੍ਰਣਾਲੀ ਦੇ ਲੱਛਣਾਂ ਵਿਚ ਵੀ ਚਰਚਾ ਕਰ ਚੁੱਕੇ ਹਾਂ) ਨਿਵੇਸ਼ ਤੇ ਨਿਕਾਸ ਰਾਜਨੀਤਿਕ ਪ੍ਰਣਾਲੀ ਦੇ ਦੋ ਕਾਰਜਾਤਮਕ ਭਾਗ (Functional parts) ਹਨ। ਇਹਨਾਂ ਬਾਰੇ ਡੇਵਿਡ ਈਸਟਨ ਤੇ ਗੈਬਰੀਅਲ ਆਲਮੰਡ ਨੇ ਵਿਚਾਰ ਸਹਿਤ ਚਰਚਾ ਕੀਤੀ ਹੈ, ਸੋ ਅਸੀਂ ਉਹਨਾਂ ਦੇ ਵਿਚਾਰਾਂ ਨੂੰ ਆਧਾਰ ਬਣਾ ਕੇ ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਬਾਰੇ ਚਰਚਾ ਕਰਾਂਗੇ।

**ਈਸਟਨ ਦੇ ਵਿਚਾਰ (Views of David Easton)**

ਪਹਿਲਾਂ ਅਸੀਂ ਈਸਟਨ ਦੇ ਵਿਚਾਰ ਲੈਂਦੇ ਹਾਂ। ਈਸਟਨ ਨੇ ਰਾਜਨੀਤਿਕ ਪ੍ਰਣਾਲੀ ਨੂੰ ਨਿਵੇਸ਼ਾਂ ਨੂੰ ਨਿਕਾਸ ਵਿਚ ਬਦਲਣ ਵਾਲੀ ਪ੍ਰਣਾਲੀ ਮੰਨਿਆ ਹੈ। (The Political system is the system of conversion of inputs into outputs) ਸੋ ਜਿਵੇਂ ਸਪਸ਼ਟ ਹੈ ਉਸਨੇ ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ।

(1) ਨਿਵੇਸ਼ ਕਾਰਜ (Inputs)

(2) ਨਿਕਾਸ ਕਾਰਜ (Outputs)

**ਨਿਵੇਸ਼ ਕਾਰਜ :**

ਨਿਵੇਸ਼ (Inputs) ਕਾਰਜ ਜਿਹੜੇ ਕਿ ਰਾਜਨੀਤਿਕ ਪ੍ਰਣਾਲੀ ਨੂੰ ਚਲਾਉਂਦੇ ਤੇ ਕਾਇਮ ਰੱਖਦੇ ਹਨ, ਉਹਨਾਂ ਨੂੰ ਈਸਟਨ ਨੇ ਅੱਗੋਂ ਫਿਰ ਦੋ ਭਾਗਾਂ ਵਿਚ ਵੰਡਿਆ ਹੈ :

ਮੰਗਾਂ (Demands)

ਸਮਰਥਨ (Support)

**ਮੰਗਾਂ (Demands)**

ਹਰ ਵਿਅਕਤੀ ਦੀਆਂ ਰਾਜਨੀਤਿਕ ਪ੍ਰਣਾਲੀ ਤੋਂ ਕੁਝ ਆਸ਼ਾਵਾਂ ਹੁੰਦੀਆਂ ਹਨ, ਜਿਹਨਾਂ ਨੂੰ ਰਾਜਨੀਤਿਕ ਪ੍ਰਣਾਲੀ ਦੇ ਨਿਵੇਸ਼ (Inputs) ਕਹਿੰਦੇ ਹਾਂ। ਡੇਵਿਡ ਈਸਟਨ ਅਨੁਸਾਰ ਇਹ ਚਾਰ ਪ੍ਰਕਾਰ ਦੇ ਹੋ ਸਕਦੇ ਹਨ :

**(1) ਵਸਤੂਆਂ ਤੇ ਸੇਵਾਵਾਂ ਦੀ ਵੰਡ ਨਾਲ ਸੰਬੰਧਿਤ ਮੰਗਾਂ** : ਜਿਵੇਂ ਨੌਕਰੀ, ਯੋਗ ਤਨਖਾਹ, ਕੰਮ ਦੇ ਨਿਸ਼ਚਿਤ ਘੰਟੇ, ਸਿੱਖਿਆ ਦੇ ਯੋਗ ਅਵਸਰ, ਆਵਾਜਾਈ ਦੇ ਯੋਗ ਸਾਧਨਾਂ ਦਾ ਵਿਕਾਸ ਆਦਿ

**(2) ਵਿਵਹਾਰ ਨੂੰ ਵਿਨਿਯਮਿਤ ਕਰਨ ਨਾਲ ਸੰਬੰਧਿਤ ਮੰਗਾਂ** : ਭਾਵ ਰਾਜਨੀਤਿਕ ਪ੍ਰਣਾਲੀ ਕੋਲੋਂ ਅਜਿਹੇ ਨਿਯਮ ਬਣਾਉਣ ਦੀ ਮੰਗ ਜਿਸ ਨਾਲ ਸਮਾਜਿਕ ਜੀਵਨ ਨਿਯੰਤ੍ਰਿਤ ਤੇ ਵਿਵਸਥਾਪੂਰਵਕ ਢੰਗ ਨਾਲ ਚਲ ਸਕੇ ਜਿਵੇਂ ਮਨੁੱਖੀ ਜੀਵਨ ਨੂੰ ਸੁਰੱਖਿਅਤ ਬਣਾਉਣ ਲਈ ਕਾਨੂੰਨ, ਵਿਆਹ ਤੇ ਤਲਾਕ ਸੰਬੰਧੀ ਕਾਨੂੰਨ ਅਤੇ ਜਨ ਸਿਹਤ ਤੇ ਸਫਾਈ ਨਾਲ ਸੰਬੰਧਿਤ ਕਾਨੂੰਨ।

**(3) ਰਾਜਨੀਤਿਕ ਪ੍ਰਣਾਲੀ ਵਿਚ ਭਾਗੇਦਾਰੀ ਨਾਲ ਸੰਬੰਧਿਤ ਮੰਗਾਂ** : ਜਿਵੇਂ ਵੋਟ ਪਾਉਣ ਦੀ, ਚੋਣ ਲੜਨ ਦੀ, ਸਰਕਾਰ ਵਿਚ ਭਾਗੇਦਾਰੀ ਦੀ, ਸੰਸਥਾਵਾਂ ਬਣਾਉਣ ਦੀ ਅਤੇ ਪੈਟੀਸਨ ਕਰਨ ਆਦਿ ਦੀ ਮੰਗ।

**(4) ਸੂਚਨਾ ਲੈਣ ਤੇ ਵਿਚਾਰ ਪ੍ਰਗਟ ਕਰਨ ਦੇ ਨਾਲ ਸੰਬੰਧਿਤ ਮੰਗਾਂ** : ਰਾਜਨੀਤਿਕ

ਪ੍ਰਣਾਲੀ ਦੇ ਕਾਰਜਾਂ ਬਾਰੇ ਉਸ ਨਾਲ ਜੁੜੇ ਵਸ਼ਿਸ਼ਟ ਵਰਗਾਂ ਤੋਂ ਉਸ ਦੀ ਵਿਚਾਰਧਾਰਾ ਬਾਰੇ, ਉਸਨੇ ਕੀ ਨਿਰਣੇ ਲਏ ਹਨ ਆਦਿ ਬਾਰੇ ਸੂਚਨਾ ਲੈਣ ਦਾ ਅਤੇ ਉਸਦੇ ਕਾਰਜਾਂ ਬਾਰੇ ਪ੍ਰਤੀਕ੍ਰਿਆ ਦੇਣਾ।

**ਸਮਰਥਨ (Support)**

ਡੇਵਿਡ ਈਸਟਨ ਦਾ ਵਿਚਾਰ ਹੈ ਕਿ ਰਾਜਨੀਤਿਕ ਪ੍ਰਣਾਲੀ ਦੇ ਠੀਕ ਤਰ੍ਹਾਂ ਚਲਣ ਲਈ ਮੰਗਾਂ ਦੇ ਰੂਪ ਵਿਚ ਨਿਵੇਸ਼ਾਂ ਦੇ ਨਾਲ ਨਾਲ ਸਮਰਥਨ ਦੇ ਰੂਪ ਵਿਚ ਨਿਵੇਸ਼ਾਂ ਦੀ ਵੀ ਲੋੜ ਹੈ। ਇਸ ਸਮਰਥਨ ਰੂਪੀ ਨਿਵੇਸ਼ ਦੁਆਰਾ ਹੀ ਰਾਜਨੀਤਿਕ ਪ੍ਰਣਾਲੀ ਨੂੰ ਮੰਗਾਂ ਦੁਆਰਾ ਪੇਸ਼ ਕੀਤੀ ਗਈ ਚੁਣੌਤੀ ਦਾ ਸਾਹਮਣਾ ਕਰਨ ਦੀ ਸਮਰੱਥਾ ਮਿਲਦੀ ਹੈ।

ਇਹ ਸਮਰਥਨ ਵੀ ਚਾਰ ਤਰ੍ਹਾਂ ਦਾ ਹੋ ਸਕਦਾ ਹੈ

(1) ਪਦਾਰਥਕ ਸਮਰਥਨ (Material support) ਜੋ ਟੈਕਸ ਦੇ ਜਨਤਕ ਕਰਤੱਵਾਂ ਨੂੰ ਨਿਭਾ ਕੇ ਅਤੇ ਫੌਜ ਵਿਚ ਭਰਤੀ ਹੋ ਕੇ ਆਦਿ ਕੀਤਾ ਜਾ ਸਕਦਾ ਹੈ।

(2) ਦੂਜੀ ਪ੍ਰਕਾਰ ਦਾ ਸਮਰਥਨ ਰਾਜਨੀਤਿਕ ਪ੍ਰਣਾਲੀ ਦੁਆਰਾ ਜਨਤਕ ਜੀਵਨ ਨੂੰ ਵਿਨਿਯਮਿਤ ਢੰਗ ਨਾਲ ਚਲਾਉਣ ਲਈ ਬਣਾਏ ਗਏ ਕਾਨੂੰਨਾਂ ਦੀ ਪਾਲਣਾ ਕਰਕੇ ਦਿੱਤਾ ਜਾਂਦਾ ਹੈ।

(3) ਤੀਜਾ ਸਮਰਥਨ ਰਾਜਨੀਤਿਕ ਭਾਗੇਦਾਰੀ ਦੇ ਰੂਪ ਵਿਚ ਹੋ ਸਕਦਾ ਹੈ। ਈਸਟਨ ਇਸ ਵਿਚ ਵੋਟ ਦੇਣਾ, ਰਾਜਨੀਤਿਕ ਵਿਚਾਰ ਵਟਾਂਦਰੇ ਵਿਚ ਸਕ੍ਰਿਯ ਹਿੱਸਾ ਲੈਣਾ ਅਤੇ ਅਜਿਹੀਆਂ ਹੋਰ ਗਤੀਵਿਧੀਆਂ ਨੂੰ ਸ਼ਾਮਿਲ ਕਰਦਾ ਹੈ।


(4) ਚੋਥਾ ਸਮਰਥਨ ਸਾਵਧਾਨੀ, ਇਜ਼ਤ ਤੇ ਸਨਮਾਨ ਨਾਲ ਸੰਬੰਧਿਤ ਹੈ, ਇਸ ਤੋਂ ਭਾਵ ਹੈ ਕਿ ਜਨਤਾ ਨੂੰ ਸੱਤਾ ਦਾ, ਉਸ ਦੁਆਰਾ ਦਿਤੀ ਗਈ ਸੂਚਨਾ ਦਾ, ਰਾਸ਼ਟਰੀ ਚਿੰਨ੍ਹਾਂ ਅਤੇ ਰਾਸ਼ਟਰ ਨਾਲ ਸੰਬੰਧਿਤ ਕਾਰਜ ਕ੍ਰਮਾਂ ਨੂੰ ਪੂਰਾ ਸਨਮਾਨ ਦੇਣਾ।

ਈਸਟਨ ਦੀ ਮਾਨਤਾ ਹੈ ਕਿ ਰਾਜਨੀਤਿਕ ਪ੍ਰਣਾਲੀ ਤੇ ਇਸ ਵਿਚ ਕਾਰਜ ਕਰ ਰਹੇ ਵਸ਼ਿਸ਼ਟਾਂ ਨੂੰ ਸਮਾਜ ਵਿਚ ਕਾਰਜ ਕਰ ਰਹੀਆਂ ਹੋਰ ਪ੍ਰਣਾਲੀਆਂ ਤੋਂ ਵੀ ਤੇ ਲੋਕਾਂ ਤੋਂ ਵੀ ਸਮਰਥਨ ਪ੍ਰਾਪਤ ਕਰਨਾ ਪੈਂਦਾ ਹੈ ਤੇ ਅਜਿਹਾ ਉਹ ਮੰਗਾਂ (Demands) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਕੇ ਕਰ ਸਕਦੇ ਹਨ। ਸੋ ਲੋਕਾਂ ਦਾ ਸਮਰਥਨ ਰਾਜਨੀਤਿਕ ਪ੍ਰਣਾਲੀ ਤੋਂ ਪ੍ਰਾਪਤ ਹੋਣ ਵਾਲੀ ਸੰਤੁਸ਼ਟੀ ਜਾਂ ਅਸੰਤੁਸ਼ਟੀ ਤੇ ਨਿਰਭਰ ਕਰਦਾ ਹੈ।

**ਰੂਪਾਂਤਰਣ ਪ੍ਰਕ੍ਰਿਆ (Conversion Process)**

ਹਰ ਇਕ ਰਾਜਨੀਤਿਕ ਪ੍ਰਣਾਲੀ ਵਿਚ ਮੰਗਾਂ ਤੇ ਸਮਰਥਨ ਰੂਪੀ ਕੱਚਾ ਮਾਲ ਹੁੰਦਾ ਹੈ, ਜਿਸਨੂੰ ਇਹ ਫੈਸਲਿਆਂ ਅਤੇ ਨੀਤੀਆਂ (decisions and policies) ਰੂਪੀ ਨਿਕਾਸਾਂ ਵਿਚ ਬਦਲਦੀ ਹੈ-ਨਿਵੇਸ਼ਾਂ ਨੂੰ ਨਿਕਾਸਾਂ ਵਿਚ ਬਦਲਣ ਵਾਲੀ ਇਸ ਸਾਰੀ ਪ੍ਰਕ੍ਰਿਆ ਨੂੰ ਰੂਪਾਂਤਰਣ ਪ੍ਰਕ੍ਰਿਆ ਕਹਿੰਦੇ ਹਨ। ਕੋਈ ਰਾਜਨੀਤਿਕ ਪ੍ਰਣਾਲੀ ਆਪਣੇ ਨਿਵੇਸ਼ਾਂ ਨੂੰ ਕਿਹੋ ਜਿਹੇ ਨਿਕਾਸਾਂ ਵਿਚ ਬਦਲਦੀ ਹੈ ਇਹ ਉਸਦੇ ਸਾਧਨਾਂ ਅਤੇ ਕੁਸ਼ਲਤਾ ਤੇ ਨਿਰਭਰ ਕਰਦਾ ਹੈ। ਹੋ ਸਕਦਾ ਹੈ ਕਿ ਰਾਜਨੀਤਿਕ ਪ੍ਰਣਾਲੀ ਕੁਝ ਮੰਗਾਂ ਪੂਰੀਆਂ ਨਾ ਕਰ ਸਕੇ ਉਹ ਅਤੇ ਲੋਕਾਂ ਦੀ ਨਿਕਾਸਾਂ ਬਾਰੇ ਕੀ ਪ੍ਰਤੀਕ੍ਰਿਆ ਹੈ, ਇਹ ਸਭ ਫੀਡ ਬੈਂਕ ਰਾਹੀਂ ਫਿਰ ਵਾਤਾਵਰਣ ਵਿਚ ਆ ਜਾਂਦਾ ਹੈ-ਫੀਡ ਬੈਂਕ ਹੀ ਉਹ ਢੰਗ ਹੈ ਜਿਸ ਤੋਂ ਰਾਜਨੀਤਿਕ ਪ੍ਰਣਾਲੀ ਨੂੰ ਪਤਾ ਲੱਗਦਾ ਹੈ ਕਿ ਨਿਕਾਸਾਂ ਬਾਰੇ ਲੋਕਾਂ ਦਾ ਕੀ ਵਿਚਾਰ ਹੈ ਅਤੇ ਉਹਨਾਂ ਦੀਆਂ ਕਿਹੜੀਆਂ ਮੰਗਾਂ ਇਕ ਵਾਰੀ ਫਿਰ ਨਿਵੇਸ਼ਾਂ ਵਜੋਂ ਰਾਜਨੀਤਿਕ ਪ੍ਰਣਾਲੀ ਵਿਚ ਦਾਖਿਲ ਹੋਣਗੀਆਂ। ਰਾਜਨੀਤਿਕ ਪ੍ਰਣਾਲੀ ਨੂੰ ਨਿਵੇਸ਼ਾਂ ਨੂੰ ਨਿਕਾਸਾਂ ਵਿਚ ਬਦਲਣ ਵਾਲੇ ਇਕ ਜੰਤਰ ਵਜੋਂ ਡੇਵਿਡ ਈਸਟਨ ਦੇ ਵਿਚਾਰ ਅਸੀਂ ਹੇਠਾਂ ਦਿੱਤੇ ਮਾਡਲ ਜਾਂ ਰੇਖਾ ਚਿਤ੍ਰ ਤੋਂ ਹੋਰ ਭਲੀ ਭਾਂਤੀ ਸਮਝ ਸਕਦੇ ਹਾਂ।

ਈਸਟਨ ਦਾ ਰਾਜਨੀਤਿਕ ਪ੍ਰਣਾਲੀ ਦਾ ਮਾਡਲ




**1.6.2 ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਬਾਰੇ ਆਲਮੰਡ ਦੇ ਵਿਚਾਰ : (Almond's views about the functions of the Political System)** ਆਲਮੰਡ ਵੀ ਈਸਟਨ ਵਾਂਗ ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਨੂੰ ਮੁੱਖ ਰੂਪ ਵਿਚ ਦੋ ਮੁੱਖ ਭਾਗਾਂ ਨਿਵੇਸ਼ ਤੇ ਨਿਕਾਸਾਂ ਵਿਚ ਵੰਡਦਾ ਹੈ। ਪਰ ਇਹਨਾਂ ਦੇ ਵਿਸਥਾਰ ਬਾਰੇ ਉਸਦੇ ਵਿਚਾਰ ਵੱਖਰੇ ਹਨ। ਆਲਮੰਡ ਨੇ ਰਾਜਨੀਤਿਕ ਪ੍ਰਣਾਲੀ 7 ਕਾਰਜਾਂ ਦੀ ਵਿਵਸਥਾ ਮੰਨਿਆ ਹੈ। ਇਹਨਾਂ ਵਿਚ ਚਾਰ ਨਿਵੇਸ਼ ਕਾਰਜ ਹਨ ਅਤੇ ਤਿੰਨ ਨਿਕਾਸ ਕਾਰਜ

**ਨਿਵੇਸ਼ ਕਾਰਜ :(Input Functions)**

- ਰਾਜਨੀਤਿਕ ਸਮਾਜੀਕਰਣ ਅਤੇ ਭਰਤੀ (Political Socialisation and Recruitment)
- ਹਿੱਤ ਸਰੂਪੀ ਕਰਣ ਜਾਂ ਸਪਸ਼ਟੀਕਰਣ (Interest Articulation)
- ਹਿੱਤ ਸਮੂਹੀਕਰਣ (Interest Aggregation)
- ਰਾਜਨੀਤਿਕ ਸੰਚਾਰ (Political Communication)

**ਨਿਕਾਸ ਕਾਰਜ (Output Functions)**

- ਨਿਯਮ ਬਣਾਉਣਾ (Rule Making)
- ਨਿਯਮ ਲਾਗੂ ਕਰਨਾ (Rule Application)
- ਨਿਯਮਾਂ ਅਨੁਸਾਰ ਨਿਆਂ ਕਰਨਾ (Rule Adjudication)

**(ੳ) ਨਿਵੇਸ਼ ਕਾਰਜ (Input Functions)**

ਨਿਵੇਸ਼ ਕਾਰਜ ਗੈਰ ਸਰਕਾਰੀ ਸੰਸਥਾਵਾਂ ਦੁਆਰਾ ਕੀਤੇ ਜਾਂਦੇ ਹਨ ਜਿਵੇਂ ਰਾਜਨੀਤਿਕ ਪਾਰਟੀਆਂ, ਦਬਾਓ ਸਮੂਹ, ਸਮਾਚਾਰ ਪੱਤਰ ਅਤੇ ਮੈਗਜ਼ੀਨ ਆਦਿ ਇਹ ਚਾਰ ਪ੍ਰਕਾਰ ਦੇ ਹੁੰਦੇ ਹਨ :

**(1) ਰਾਜਨੀਤਿਕ ਸਮਾਜੀਕਰਣ ਅਤੇ ਭਰਤੀ (Political Socialisation and Recruitment) :**

ਰਾਜਨੀਤਿਕ ਸਮਾਜੀਕਰਣ ਉਹ ਪ੍ਰਕ੍ਰਿਆ ਹੈ ਜਿਸ ਦੁਆਰਾ ਲੋਕਾਂ ਦੀਆਂ ਰਾਜਨੀਤਿਕ ਕਦਰਾਂ ਕੀਮਤਾਂ ਵਿਚਾਰ ਬਣਾਏ ਜਾਂਦੇ ਹਨ ਅਤੇ ਉਹਨਾਂ ਨੂੰ ਰਾਜ ਦੀ ਰਾਜਨੀਤਿਕ ਸੰਸਕ੍ਰਿਤੀ ਅਨੁਸਾਰ ਢਾਲਣ ਦਾ ਯਤਨ ਕੀਤਾ ਜਾਂਦਾ ਹੈ। **ਆਲਮੰਡ ਤੇ ਪਾਵੇਲ** ਦਾ ਮੱਤ ਹੈ ਕਿ, ''ਰਾਜਨੀਤਿਕ ਸਮਾਜੀਕਰਣ ਉਹ ਪ੍ਰਕ੍ਰਿਆ ਹੈ ਜਿਸਦੇ ਦੁਆਰਾ ਰਾਜਨੀਤਿਕ ਸੰਸਕ੍ਰਿਤੀ ਕਾਇਮ ਰਖੀ ਅਤੇ ਬਦਲੀ ਜਾਂਦੀ ਹੈ।''

ਰਾਜਨੀਤਿਕ ਸਮਾਜੀਕਰਣ ਇਕ ਲਗਾਤਾਰ ਜਾਂ ਨਿਰੰਤਰ ਚਲਦੀ ਰਹਿਣ ਵਾਲੀ ਪ੍ਰਕ੍ਰਿਆ ਹੈ। ਕਿਉਂਕਿ ਰਾਜਨੀਤਿਕ ਸੰਸਕ੍ਰਿਤੀ ਹਾਲਾਤਾਂ ਅਨੁਸਾਰ ਬਦਲਦੀ ਰਹਿੰਦੀ ਹੈ, ਇਸੇ ਕਰਕੇ ਰਾਜਨੀਤਿਕ ਸਮਾਜੀਕਰਣ ਦੀ ਪ੍ਰਕ੍ਰਿਆ ਵੀ ਚਲਦੀ ਰਹਿੰਦੀ ਹੈ। ਪਰਿਵਾਰ, ਸਕੂਲ, ਸਮਾਜ ਹਿੱਤਾਂ ਵਾਲੇ ਸਮੂਹ ਰਾਜਨੀਤਿਕ ਪਾਰਟੀਆਂ, ਦਬਾਓ ਸਮੂਹ, ਸਮਾਚਾਰ ਅਤੇ ਇਸ ਤਰ੍ਹਾਂ ਦੇ ਹੀ ਅਨੇਕਾਂ ਸਾਧਨ ਲੋਕਾਂ ਨੂੰ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਬਾਰੇ ਆਪਣੇ ਆਪਣੇ ਮਾਧਿਅਮਾਂ ਦੁਆਰਾ ਪੂਰੀ ਤਰ੍ਹਾਂ ਜਾਣਕਾਰੀ ਦਿੰਦੇ ਰਹਿੰਦੇ ਹਨ ਅਤੇ ਇਸ ਤਰ੍ਹਾਂ ਰਾਜਨੀਤਿਕ ਸਮਾਜੀਕਰਨ ਦੀ ਪ੍ਰਕਿਆ ਜਾਰੀ ਰਹਿੰਦੀ ਹੈ।

ਜਿਵੇਂ ਅਸੀਂ ਪਹਿਲਾਂ ਵੀ ਕਹਿ ਚੁੱਕੇ ਹਾਂ ਕਿ ਰਾਜਨੀਤਿਕ ਸਮਾਜੀਕਰਣ ਸਰਬ ਵਿਆਪਕ ਅਤੇ ਨਿਰੰਤਰ ਚਲਣ ਵਾਲੀ ਪ੍ਰਕਿਆ ਹੈ, ਪਰ ਇਸਦੀ ਗਤੀ ਕਿਸੇ ਰਾਜਨੀਤਿਕ ਪ੍ਰਣਾਲੀ ਵਿਚ ਤੇਜ਼ ਹੋ ਸਕਦੀ ਹੈ ਤੇ ਕਿਧਰੇ ਧੀਮੀ। ਉਦਾਹਰਣ ਵਜੋਂ ਲੋਕਤੰਤਰ, ਜਿੱਥੇ ਵਿਚਾਰਾਂ ਦੇ ਪ੍ਰਗਟਾ ਦੀ ਸੰਸਥਾਵਾਂ ਤੇ ਸੰਗਠਨ ਬਣਾਉਣ ਦੀ ਵਧੇਰੇ ਸੁਤੰਤਰਤਾ ਹੁੰਦੀ ਹੈ, ਵਿਚ ਰਾਜਨੀਤਿਕ ਸਮਾਜੀਕਰਣ ਵਧੇਰੇ ਹੋਣਗੇ। ਪਰ ਇਸਦੇ ਮੁਕਾਬਲੇ ਇਕ ਸਰਬਸੱਤਾਧਾਰੀ ਜਾਂ ਡਿਕਟੇਟਰਸ਼ਿਪ ਵਿਚ ਇਸਦੀ ਗਤੀ ਧੀਮੀ ਹੋਵੇਗੀ-ਕਿਉਂਕਿ ਇੱਥੇ ਲੋਕਾਂ ਨੂੰ ਰਾਜਨੀਤਿਕ ਆਜ਼ਾਦੀ ਨਹੀਂ ਹੁੰਦੀ। ਪਰ ਇਸਦਾ ਇਹ ਭਾਵ ਹਰਗਿਜ਼ ਨਹੀਂ ਕਿ ਉੱਥੇ ਰਾਜਨੀਤਿਕ ਸਮਾਜੀਕਰਣ ਹੁੰਦਾ ਹੀ ਨਹੀਂ।

ਹਰ ਰਾਜਨੀਤਿਕ ਪ੍ਰਣਾਲੀ ਵਿਚ ਰਾਜਨੀਤਿਕ ਸਮਾਜੀਕਰਣ ਦੇ ਨਾਲ ਨਾਲ ਰਾਜਨੀਤਿਕ ਭਰਤੀ (Recruitment) ਵੀ ਚਲਦੀ ਰਹਿੰਦੀ ਹੈ। ਰਾਜਨੀਤਿਕ ਸਮਾਜੀਕਰਣ ਦੁਆਰਾ ਨਾਗਰਿਕਾਂ ਨੂੰ ਰਾਜਨੀਤਿਕ ਪ੍ਰਣਾਲੀ ਦੇ ਭਿੰਨ ਭਿੰਨ ਕੰਮਾਂ, ਤਰੀਕਿਆਂ ਤੇ ਭੂਮਿਕਾਵਾਂ (roles) ਲਈ ਤਿਆਰ ਕੀਤਾ ਜਾਂਦਾ ਹੈ। ਸੋ ਰਾਜਨੀਤਿਕ ਭਰਤੀ ਦਾ ਅਰਥ ਹੈ ਵਿਅਕਤੀਆਂ ਨੂੰ ਉਹਨਾਂ ਦੀ ਰਾਜਨੀਤਿਕ ਸੰਸਕ੍ਰਿਤੀ ਦੇ ਪੱਧਰ ਦੇ ਆਧਾਰ ਤੇ (ਜੋ ਉਹ ਰਾਜਨੀਤਿਕ ਸਮਾਜੀਕਰਣ ਦੁਆਰਾ ਗ੍ਰਹਿਣ ਕੀਤੀ) ਰਾਜਨੀਤਿਕ ਪ੍ਰਣਾਲੀ ਦੇ ਵਿਭਿੰਨ ਕੰਮਾਂ ਤੇ ਭੂਮਿਕਾਵਾਂ (Roles) ਲਈ ਭਰਤੀ ਕਰਨ। ਇਹ ਕੰਮ ਕਿਸ ਤਰ੍ਹਾਂ ਤੇ ਕਿੰਨੀ ਯੋਗਤਾ ਨਾਲ ਕੀਤਾ ਜਾਂਦਾ ਹੈ। ਇਹ ਰਾਜਨੀਤਿਕ ਪ੍ਰਣਾਲੀ ਦੀ ਕਾਰਗੁਜ਼ਾਰੀ (Performance) ਅਤੇ ਯੋਗਤਾ (Capability) ਤੇ ਨਿਰਭਰ ਕਰਦਾ ਹੈ।

**(2) ਹਿੱਤ ਸਰੂਪੀਕਰਣ ਜਾਂ ਸਪਸ਼ਟੀਕਰਨ (Input Articulation) :**

ਹਰ ਰਾਜਨੀਤਿਕ ਪ੍ਰਣਾਲੀ ਵਿਚ ਲੋਕਾਂ ਦੇ ਕੁੱਝ ਹਿੱਤ, ਉਦੇਸ਼ ਜਾਂ ਮੰਗਾਂ ਹੁੰਦੀਆਂ ਹਨ। ਇਹਨਾਂ ਸਭ ਨੂੰ 'ਫੈਸਲੇ ਲੈਣ ਵਾਲੀ ਸ਼ਕਤੀ' ਜਾਂ ਸਰਕਾਰ ਅੱਗੇ ਰੱਖਣ ਦੀ ਪ੍ਰਕ੍ਰਿਆ ਨੂੰ ਹਿੱਤ ਸਪਸ਼ਟੀਕਰਣ ਜਾਂ ਹਿੱਤ ਸਰੂਪੀਕਰਣ ਕਹਿੰਦੇ ਹਨ। ਰਾਜਨੀਤਿਕ ਪ੍ਰਣਾਲੀ ਦਾ ਇਹ ਇਕ ਬਹੁਤ ਹੀ ਮਹੱਤਵਪੂਰਣ ਕਾਰਜ ਹੈ ਕਿਉਂਕਿ ਸਰਕਾਰ ਦੁਆਰਾ ਫੈਸਲੇ ਲੈਣ ਦਾ ਕੰਮ ਇਹਨਾਂ ਮੰਗਾਂ ਤੇ ਹਿੱਤਾਂ ਨੂੰ ਹੀ ਧਿਆਨ ਵਿਚ ਰੱਖਕੇ ਕੀਤਾ ਜਾਂਦਾ ਹੈ। ਹਿੱਤ ਸਪਸ਼ਟੀਕਰਣ ਦੀ ਪ੍ਰਕ੍ਰਿਆ ਦੇ ਠੀਕ ਤਰ੍ਹਾਂ ਚਲਣ ਲਈ ਇਹ ਜ਼ਰੂਰੀ ਹੈ ਕਿ ਸਾਰੇ ਲੋਕਾਂ ਨੂੰ ਆਪਣੇ ਵਿਚਾਰ ਕਰਨ ਦੇ ਪੂਰੇ ਅਵਸਰ ਦਿੱਤੇ ਜਾਣ ਤੇ ਕਿਸੇ ਦੀ ਵੀ ਆਵਾਜ਼ ਨੂੰ ਦਬਾਇਆ ਨਾ ਜਾਏ।

ਜੇਕਰ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੇ ਸਹੀ ਤੇ ਸੰਵਿਧਾਨਿਕ ਢੰਗ ਨਹੀਂ ਪ੍ਰਦਾਨ ਕੀਤੇ ਜਾਂਦੇ ਤਾਂ ਉਹਨਾਂ ਦੁਆਰਾ ਸਰਕਾਰ ਵਿਰੁੱਧ ਉਠ ਖੜੇ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਸਰਸੱਤਾਧਾਰੀ ਰਾਜਾਂ, ਜਿੱਥੇ ਲੋਕ ਮੱਤ ਨੂੰ ਦਬਾ ਕੇ ਰੱਖਿਆ ਜਾਂਦਾ ਹੈ ਉੱਥੇ ਕ੍ਰਾਂਤੀ ਦਾ ਖਤਰਾ ਵਧੇਰੇ ਹੁੰਦਾ ਹੈ।

ਆਵੇਦਨ ਪੱਤਰ, ਰਾਜਨੀਤਿਕ ਮੀਟਿੰਗਾਂ, ਅਖਬਾਰਾਂ, ਮੈਗਜ਼ੀਨ, ਵਿਰੋਧ ਪ੍ਰਦਰਸ਼ਨ, ਹੜਤਾਲ ਹਿੱਤ ਸਪਸ਼ਟੀਕਰਣ ਦੇ ਕੁਝ ਮੁੱਖ ਸਾਧਨ ਹਨ। ਕਦੇ ਕਦੇ ਇਸ ਮੰਤਵ ਲਈ ਜਨਤਕ ਪ੍ਰਾਪਰਟੀ ਨੂੰ ਅੱਗ ਲਗਾਉਣਾ, ਨੇਤਾਵਾਂ ਦਾ ਕਤਲ ਅਤੇ ਹਿੰਸਕ ਦਿਖਾਵੇ (Demostrations) ਵਰਗੇ ਹਿੰਸਕ ਢੰਗ ਵੀ ਵਰਤੇ ਜਾਂਦੇ ਹਨ।

**(3) ਹਿੱਤ ਸਮੂਹੀਕਰਣ (Interest Aggregation) :**

ਆਲਮੰਡ ਤੇ ਪਾਵੇਲ ਅਨੁਸਾਰ, ''ਮੰਗਾਂ ਨੂੰ ਆਮ ਨੀਤੀਆਂ ਦੇ ਵਿਕਲਪ ਵਿਚ ਬਦਲਣ ਦੀ ਪ੍ਰਕ੍ਰਿਆ ਨੂੰ ਹਿੱਤ ਸਮੂਹੀਕਰਣ ਕਹਿੰਦੇ ਹਨ।''

ਵੱਖ ਵੱਖ ਹਿੱਤ ਸਮੂਹ ਸਰਕਾਰ ਕੋਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਦਾਅਵੇ ਪੇਸ਼ ਕਰਦੇ ਹਨ। ਸੋ ਉਹ ਪ੍ਰਕ੍ਰਿਆ ਜਿਸ ਰਾਹੀਂ ਇਹਨਾਂ ਮੰਗਾਂ ਨੂੰ ਇਕੱਠਾ ਕੀਤਾ ਜਾਂਦਾ ਹੈ ਜਾਂ ਜਿਸ ਰਾਹੀਂ ਇਹਨਾਂ ਦਾ ਸਮੂਹੀਕਰਣ ਕੀਤਾ ਜਾਂਦਾ ਹੈ ਤੇ ਫਿਰ ਉਹਨਾਂ ਦੇ ਆਧਾਰ ਤੇ ਕੁਝ ਆਮ ਨੀਤੀਆਂ ਨਿਰਧਾਰਿਤ ਕੀਤੀਆਂ ਜਾਂਦੀਆਂ ਹਨ ਤਾਂ ਕਿ ਉਹਨਾਂ ਨੂੰ ਸਰਕਾਰ ਕੋਲੋਂ ਮੰਨਵਾਇਆ ਜਾਵੇ ਨੂੰ ਹਿੱਤ ਸਮੂਹੀਕਰਣ ਕਹਿੰਦੇ ਹਨ।

ਹਿੱਤ ਸਮੂਹੀਕਰਣ ਦਾ ਰਾਜਨੀਤਿਕ ਪ੍ਰਣਾਲੀ ਵਿਚ ਇਕ ਮਹੱਤਵਪੂਰਣ ਸਥਾਨ ਹੈ ਕਿਉਂਕਿ ਵਿਭਿੰਨ ਹਿੱਤਾਂ ਦਾ ਸਮੂਹੀਕਰਣ ਕੀਤੇ ਬਗੈਰ ਸਭ ਲਈ ਯੋਗ ਆਮ ਨੀਤੀ ਬਣਾ ਸਕਣਾ ਸੰਭਵ ਨਹੀਂ। ਇਸ ਪ੍ਰਕ੍ਰਿਆ ਵਿਚ ਰਾਜਨੀਤਿਕ ਦਲ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ। ਸਾਰਿਆਂ ਦੇ ਭਾਵ ਸਮਾਜ ਸਾਰੀਆਂ ਜਾਤੀਆਂ, ਸਮੁਦਾਵਾਂ ਅਤੇ ਹਿੱਸਿਆਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਕੇ ਉਹ ਇਕ ਅਜਿਹਾ ਪ੍ਰੋਗਰਾਮ ਉਲੀਕਦੇ ਹਨ ਜੋ ਸਭ ਨੂੰ ਮਨਜ਼ੂਰ ਹੋਵੇ। ਕਈ ਵਾਰੀ ਵਿਧਾਨਪਾਲਿਕਾ ਤੇ ਕਾਰਜਪਾਲਿਕਾ ਵੀ ਇਸ ਕੰਮ ਵਿਚ ਮਦਦਗਾਰ ਸਿੱਧ ਹੁੰਦੀ ਹੈ।

**(4) ਰਾਜਨੀਤਿਕ ਸੰਚਾਰ (Political Communication)**

ਰਾਜਨੀਤਿਕ ਸੰਚਾਰ ਤੋਂ ਭਾਵ ਹੈ, ਸੂਚਨਾ ਨੂੰ ਅੱਗੇ ਭੇਜਣਾ। ਰਾਜਨੀਤਿਕ ਪ੍ਰਣਾਲੀ ਨੂੰ ਨੀਤੀਆਂ ਦਾ ਨਿਰਮਾਣ ਕਰਨ ਲਈ ਹਿੱਤ ਸਮੂਹੀਕਰਣ ਉਤੇ ਹੀ ਨਿਰਭਰ ਹੋਣਾ ਪੈਂਦਾ ਹੈ। ਸਵਸਥ ਤੇ ਯੋਗ ਹਿੱਤ ਸਮੂਹੀਕਰਣ ਤਾਂ ਹੀ ਸੰਭਵ ਹੈ ਜੇਕਰ ਰਾਜਨੀਤਿਕ ਸੰਚਾਰ ਯੋਗ ਸਾਧਨ ਮੌਜੂਦ ਹੋਣ। ਰਾਜਨੀਤਿਕ ਸੰਚਾਰ ਰਾਜਨੀਤਿਕ ਪ੍ਰਣਾਲੀ ਦੇ ਵਿਭਿੰਨ ਭਾਗਾਂ ਨੂੰ ਅਤੇ ਦੂਜੀਆਂ ਗੈਰ ਸਰਕਾਰਾਂ ਸੰਸਥਾਵਾਂ ਜਾਂ ਸੰਗਠਨਾਂ ਨੂੰ ਆਪਸ ਵਿਚ ਜੋੜਦਾ ਹੈ। ਜਿਸ ਕਾਰਨ ਹਰ ਸਮੂਹ ਦੀਆਂ ਗਤੀਵਿਧੀਆਂ ਅਤੇ ਮੰਗਾਂ ਬਾਰੇ ਸਹੀ ਜਾਣਕਾਰੀ ਮੌਜੂਦ ਹੁੰਦੀ ਹੈ, ਜਿਸ ਨਾਲ ਰਾਜਨੀਤਿਕ ਪ੍ਰਣਾਲੀ ਨੂੰ ਨੀਤੀ ਨਿਰਮਾਣ ਦੇ ਕਾਰਜ ਵਿਚ ਮਦਦ ਮਿਲਦੀ ਹੈ। ਜੇਕਰ ਅਜਿਹਾ ਰਾਜਨੀਤਿਕ ਸੰਚਾਰ ਰੁੱਕ ਜਾਵੇ ਤਾਂ ਸਰਕਾਰ ਲੋਕਾਂ ਦੇ ਹਿੱਤਾਂ ਤੇ ਮੰਗਾਂ ਦੀ ਸਹੀ ਜਾਣਕਾਰੀ ਨਹੀਂ ਰਹੇਗੀ, ਸੰਚਾਰ ਦੀ ਇਸ ਅਣਹੋਂਦ ਨੂੰ Communication gap ਕਹਿੰਦੇ ਹਨ, ਜਿਸਦੇ ਸਿੱਟੇ ਬੜੇ ਭਿਆਨਕ ਹੋ ਸਕਦੇ ਹਨ।

ਰਾਜਨੀਤਿਕ ਸੰਚਾਰ ਦੂਹਰੀ ਭੂਮਿਕਾ ਨਿਭਾਉਂਦਾ ਹੈ ਇਕ ਪਾਸੇ ਤਾਂ ਇਸ ਰਾਹੀਂ ਸਰਕਾਰ ਨੂੰ ਇਹ ਸੂਚਨਾ ਪਹੁੰਚਾਈ ਜਾਂਦੀ ਹੈ ਕਿ ਲੋਕਾਂ ਦੀਆਂ ਕੀ ਮੰਗਾਂ ਹਨ ਤੇ ਦੂਜੇ ਪਾਸੇ ਇਸ ਰਾਹੀਂ ਜਨਤਾ ਕੋਲ ਸਰਕਾਰ ਇਹ ਸੂਚਨਾ ਭੇਜਦੀ ਹੈ ਕਿ ਉਹਨਾਂ ਹਿੱਤਾਂ ਦੀ ਪੂਰਤੀ ਲਈ ਉਸਨੇ ਕਿਹੜੀਆਂ ਕਿਹੜੀਆਂ ਨੀਤੀਆਂ ਬਣਾਈਆਂ ਹਨ। ਜਿੰਨੀ ਆਧੁਨਿਕ ਕੋਈ ਰਾਜਨੀਤਿਕ ਪ੍ਰਣਾਲੀ ਹੋਵੇਗੀ, ਉਨੀ ਹੀ ਸੂਖਮ, ਸੰਵੇਦਨਸ਼ੀਲ, ਯੋਗ ਤੇ ਪ੍ਰਭਾਵਸ਼ਾਲੀ ਉਸਦੀ ਰਾਜਨੀਤਿਕ ਪ੍ਰਣਾਲੀ ਹੋਵੇਗੀ।

**(ਅ) ਨਿਕਾਸ ਕਾਰਜ (Output Functions) :**

ਆਲਮੰਡ ਦੇ ਵਿਚਾਰਾਂ ਦੀ ਚਰਚਾ ਦੇ ਸ਼ੁਰੂ ਵਿਚ ਅਸੀਂ ਦਸਿਆ ਸੀ ਕਿ ਉਹ ਰਾਜਨੀਤਿਕ ਪ੍ਰਣਾਲੀ ਦੇ ਚਾਰ ਨਿਵੇਸ਼ ਕਾਰਜਾਂ ਦੇ ਨਾਲ ਇਸਦੇ ਤਿੰਨ ਨਿਕਾਸ ਕਾਰਜਾਂ ਦੀ ਚਰਚਾ ਵੀ ਕਰਦਾ ਹੈ। ਨਿਕਾਸ ਕਾਰਜਾਂ ਦੀ ਤੁਲਨਾ ਮਸ਼ੀਨ ਵਿਚ ਪਾਏ ਗਈ ਨਿਵੇਸ਼ਾਂ ਦੇ ਫਲਸਰੂਪ ਪ੍ਰਾਪਤ ਹੋਣ ਵਾਲੇ ਉਤਪਾਦਨਾਂ ਨਾਲ ਕੀਤੀ ਜਾ ਸਕਦੀ ਹੈ, ਕਿਉਂਕਿ ਇਹ ਰਾਜਨੀਤਿਕ ਪ੍ਰਣਾਲੀ ਤੋਂ ਨਿਵੇਸ਼ਾਂ (Inputs) ਦੇ ਫਲਸਰੂਪ ਹੋਣ ਵਾਲੀਆਂ ਪ੍ਰਾਪਤੀਆਂ ਹਨ। ਇਹ ਹਨ :


(1) ਨਿਯਮ ਬਣਾਉਣਾ (Rule Making) : ਭਾਵ ਵਿਧਾਨ ਪਾਲਿਕਾ ਦੁਆਰਾ ਕਾਨੂੰਨ ਬਣਾਉਣਾ।

(2) ਨਿਯਮ ਲਾਗੂ ਕਰਨਾ (Rule Application) : ਭਾਵ ਕਾਰਜ ਪਾਲਿਕਾ ਦੁਆਰਾ ਕਾਨੂੰਨ ਲਾਗੂ ਕਰਨਾ।

(3) ਨਿਯਮਾਂ ਅਨੁਸਾਰ ਨਿਆਂ ਕਰਨਾ (Rule Adjudication) : ਨਿਆਂ ਪਾਲਿਕਾ ਦੁਆਰਾ ਕਾਨੂੰਨਾਂ ਅਨੁਸਾਰ ਨਿਆਂ ਕਰਨਾ।

ਇਹਨਾਂ ਨੂੰ ਅਸੀਂ ਆਧੁਨਿਕ ਸਰਕਾਰਾਂ ਦੇ ਤਿੰਨ ਮੁੱਖ ਕੰਮਾਂ-ਕਾਨੂੰਨ ਬਣਾਉਣਾ, ਕਾਨੂੰਨਾਂ ਨੂੰ ਲਾਗੂ ਕਰਨਾ ਤੇ ਕਾਨੂੰਨਾਂ ਅਨੁਸਾਰ ਨਿਆਂ ਦੇਣਾ ਕਹਿ ਸਕਦੇ ਹਾਂ। ਉਹੀ ਰਸਮੀ ਕਾਰਜ ਜੋ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂ ਪਾਲਿਕਾ ਦੁਆਰਾ ਕੀਤੇ ਜਾਂਦੇ ਹਨ। ਪਰ ਇਹਨਾਂ ਤਿੰਨਾਂ ਸੰਸਥਾਵਾਂ ਤੋਂ ਇਲਾਵਾ ਵੀ ਰਾਜਨੀਤਿਕ ਪ੍ਰਣਾਲੀ ਦੀਆਂ ਕਈ ਸੰਰਚਨਾਵਾਂ ਅਤੇ ਕਈ ਕਾਰਜ ਕਰਤਾ, ਇਹਨਾਂ ਕਾਰਜਾਂ ਨੂੰ ਕਰਨ ਵਿਚ ਪ੍ਰਤੱਖ ਜਾਂ ਅਪ੍ਰਤੱਖ ਤੌਰ ਤੇ ਹਿੱਸਾ ਲੈਂਦੇ ਹਨ। ਇਸ ਵਿਚੋਂ ਰਾਜਨੀਤਿਕ ਦਲ, ਦਬਾਓ ਸਮੂਹ, ਹਿੱਤ ਸਮੂਹ, ਨੌਕਰਸ਼ਾਹੀ ਅਤੇ ਪੁਲਿਸ ਆਦਿ ਪ੍ਰਮੁੱਖ ਹਨ।

**ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਸੰਬੰਧੀ ਆਲਮੰਡ ਦਾ ਮਾਡਲ (Almond's Model)**



**ਸਵੈ ਅਭਿਆਸ ਲਈ ਪ੍ਰਸ਼ਨ-2**

**ਨੋਟ** : ਹੇਠ ਲਿਖਿਆਂ ਦੇ ਸੰਖੇਪ ਉੱਤਰ ਲਿਖੋ ਜਾਂ ਸਿਰਫ ਸਿਰਲੇਖ ਦਿਓ।
ਆਪਣੇ ਉੱਤਰਾਂ ਨੂੰ ਪਾਠ ਦੇ ਅੰਤ ਤੇ ਦਿੱਤੇ ਉੱਤਰਾਂ ਨਾਲ ਮਿਲਾਓ

(1) ਰਾਜਨੀਤਿਕ ਪ੍ਰਣਾਲੀ....... ਨੂੰ.......ਬਦਲਣ ਦਾ ਕਾਰਜ ਕਰਦੀ ਹੈ।
(2) ਡੇਵਿਡ ਈਸਟਨ ਅਨੁਸਾਰ ਪ੍ਰਣਾਲੀ ਦੇ ਨਿਵੇਸ਼ ਕਾਰਜ ਕੀ ਹਨ ? (ਕੇਵਲ ਸਿਰਲੇਖ)
(3) ਡੇਵਿਡ ਈਸਟਨ ਅਨੁਸਾਰ ਪ੍ਰਣਾਲੀ ਦੇ ਨਿਕਾਸ ਕਾਰਜ ਕੀ ਹਨ। ਕੇਵਲ ਸਿਰਲੇਖ
(4) ਆਲਮੰਡ ਨਿਵੇਸ਼ਾਂ ਵਿਚ ਕੀ ਕੀ ਸ਼ਾਮਿਲ ਕਰਦਾ ਹੈ।
(5) ਆਲਮੰਡ ਅਨੁਸਾਰ ਨਿਕਾਸ ਕਿਹੜੇ ਹਨ ?
(6) ਰੂਪਾਂਤਰਣ ਕ੍ਰਿਆ (Conversion Process) ਤੋਂ ਤੁਸੀਂ ਕੀ ਸਮਝਦੇ ਹੋ ?
(7) ਫੀਡ ਬੈਕ ਕਿਸਨੂੰ ਕਹਿੰਦੇ ਹਨ ?

**ਰਾਜ ਤੇ ਰਾਜਨੀਤਿਕ ਪ੍ਰਣਾਲੀ ਵਿੱਚ ਅੰਤਰ (Difference between State and Political System)** :

ਜਿੱਥੇ ਪ੍ਰੰਪਰਾਵਾਦੀ ਰਾਜਨੀਤੀ ਵਿਗਿਆਨ ਦੇ ਅਧਿਐਨ ਦਾ ਕੇਂਦਰ ਬਿੰਦੂ 'ਰਾਜ' ਨੂੰ ਮੰਨਦੇ ਹਨ ਉੱਥੇ ਆਧੁਨਿਕ ਰਾਜਨੀਤਿਕ ਵਿਗਿਆਨ ਰਾਜ ਜਾਂ ਸਰਕਾਰ ਦੀ ਥਾਂ 'ਰਾਜਨੀਤਿਕ ਪ੍ਰਣਾਲੀ' ਸ਼ਬਦ ਦੀ ਵਰਤੋਂ ਨੂੰ ਵਧੇਰੇ ਯੋਗ ਮੰਨਦੇ ਹਨ। 'ਰਾਜਨੀਤਿਕ ਪ੍ਰਣਾਲੀ' ਇਕ ਵਿਸ਼ਾਲ ਧਾਰਨਾ ਹੈ ਤੇ ਇਸ ਖੇਤਰ ਵਿਚ ਉਹ ਸਾਰੀਆਂ ਰਸਮੀ ਤੇ ਗੈਰ ਰਸਮੀ ਗਤੀਵਿਧੀਆਂ ਤੇ ਪ੍ਰਕ੍ਰਿਆਵਾਂ ਹੁੰਦੀਆਂ ਹਨ ਜੋ ਕਿਸੇ ਵੀ ਤਰ੍ਹਾਂ ਇਕ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਰਾਜਨੀਤਿਕ ਪ੍ਰਣਾਲੀ ਤੇ ਰਾਜ ਵਿਚ ਹੇਠ ਲਿਖੇ ਅੰਤਰ ਹਨ :

**ਰਾਜ ਇਕ ਸੂਖਮ ਧਾਰਨਾ (abstract concept) ਹੈ ਜਦਕਿ ਰਾਜਨੀਤਿਕ ਪ੍ਰਣਾਲੀ ਇਕ ਵਾਸਤਵਿਕਤਾ (reality) ਹੈ** : ਵਿਅਕਤੀ ਰਾਜ ਦੀ ਹੋਂਦ ਨੂੰ ਮਹਿਸੂਸ ਤਾਂ ਕਰਦਾ ਹੈ, ਪਰ ਇਹ ਇਕ ਸੂਖਮ ਧਾਰਨਾ ਹੈ ਜਿਸ ਬਾਰੇ ਸੋਚਿਆ ਤੇ ਮਹਿਸੂਸ ਤਾਂ ਕੀਤਾ ਜਾ ਸਕਦਾ ਹੈ, ਪਰ ਜਿਸਨੂੰ ਅਸੀਂ ਭੌਤਿਕ ਤੌਰ ਤੇ ਦੇਖ ਨਹੀਂ ਸਕਦੇ। ਇਸੇ ਕਰਕੇ ਹੀ ਰਾਜ ਦੀ ਉਤਪਤੀ ਤੇ ਸਰੂਪ ਬਾਰੇ ਅਨੇਕਾਂ ਵਿਚਾਰ ਹਨ। ਪਰ ਦੂਜੇ ਪਾਸੇ ਰਾਜਨੀਤਿਕ ਪ੍ਰਣਾਲੀ ਇਕ ਵਾਸਤਵਿਕਤਾ ਹੈ ਅਤੇ ਉਹ ਸਾਰੀਆਂ ਅੰਤਰਕ੍ਰਿਆਵਾਂ ਜੋ ਕਿਸੇ ਤਰ੍ਹਾਂ ਵੀ ਇਸਨੂੰ ਪ੍ਰਭਾਵਿਤ ਕਰਦੀਆਂ ਹਨ, ਇਸਦਾ ਅਨਿੱਖੜਵਾਂ ਹਿੱਸਾ ਹਨ।

**ਦੋਹਾਂ ਨੂੰ ਬਣਾਉਣ ਵਾਲੇ ਤੱਤਾਂ ਵਿਚ ਅੰਤਰ ਹੈ** : ਰਾਜ ਵਿਚ ਚਾਰ ਤੱਤ ਭਾਵ ਜਨਸੰਖਿਆ, ਇਲਾਕਾ, ਸਰਕਾਰ ਅਤੇ ਪ੍ਰਭੂਸੱਤਾ ਸ਼ਾਮਿਲ ਹੁੰਦੇ ਹਨ ਜਦਕਿ ਰਾਜਨੀਤਿਕ ਪ੍ਰਣਾਲੀ ਵਿਚ ਰਾਜਨੀਤਿਕ ਪ੍ਰਕ੍ਰਿਆਵਾਂ, ਰਾਜਨੀਤਿਕ ਵਿਵਹਾਰ, ਰਾਜਨੀਤਿਕ ਸੰਸਥਾਵਾਂ ਅਤੇ ਰਾਜਨੀਤਿਕ ਉਦੇਸ਼ ਸ਼ਾਮਿਲ ਹੁੰਦੇ ਹਨ।

**ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਰਾਜ ਦੀ ਧਾਰਨਾ ਦੀ ਤੁਲਨਾ ਵਿਚ ਅਤਿ ਵਿਸਤਰਿਤ ਹੈ** : ਰਾਜ ਦੀ ਧਾਰਨਾ ਦੇ ਅੰਤਰਗਤ ਕੇਵਲ ਕਾਨੂੰਨੀ ਅਤੇ ਰਸਮੀ ਪ੍ਰਕ੍ਰਿਆਵਾਂ ਹੀ ਸ਼ਾਮਿਲ ਹੁੰਦੀਆਂ ਹਨ, ਪਰ ਇਸਦੇ ਉਲਟ ਰਾਜਨੀਤਿਕ ਵਿਵਸਥਾ ਜਾਂ ਪ੍ਰਣਾਲੀ ਵਿਚ ਅਜਿਹੀਆਂ ਸਾਰੀਆਂ ਰਸਮੀ ਤੇ ਗੈਰ ਰਸਮੀ ਕ੍ਰਿਆਵਾਂ, ਉਹ ਭਾਵੇਂ ਕਿਸੇ ਵੀ ਕਾਨੂੰਨੀ ਜਾਂ ਸਾਧਾਰਣ ਸੰਸਥਾ ਵਿਚ ਕਿਉਂ ਨਾ ਵਾਪਰੀਆਂ ਹੋਣ, ਨੂੰ ਰਾਜਨੀਤੀ ਦਾ ਹਿੱਸਾ ਮੰਨਿਆ ਜਾਂਦਾ ਹੈ ਅਤੇ ਉਹਨਾਂ ਦਾ ਸਮੁੱਚਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ, ਕਿਉਂਕਿ ਇਹ ਮੰਨ ਕੇ ਚਲਿਆ ਜਾਂਦਾ ਹੈ ਕਿ ਰਾਜਨੀਤਿਕ ਪ੍ਰਣਾਲੀ ਤੇ ਸਮਾਜਕ ਪ੍ਰਣਾਲੀ ਵਿਚ ਅੰਤਰਕ੍ਰਿਆ ਤੇ ਅੰਤਰ ਨਿਰਭਰਤਾ ਹੈ।

**ਰਾਜ ਦੀ ਮੁੱਖ ਪ੍ਰਭੂਸੱਤਾ (Sovereignty) ਮੁੱਖ ਵਿਸ਼ੇਸ਼ਤਾ ਹੈ, ਜਦਕਿ ਰਾਜਨੀਤਿਕ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ ਸ਼ਕਤੀ (Power) ਹੈ** : ਪ੍ਰਭੂਸੱਤਾ ਨੂੰ ਰਾਜ ਦਾ ਅਜਿਹਾ ਮੁੱਖ ਲੱਛਣ ਮੰਨਿਆ ਜਾਂਦਾ ਹੈ ਜੋ ਰਾਜ ਨੂੰ ਹੋਰ ਸੰਸਥਾਵਾਂ ਤੋਂ ਵਖਰਾਉਂਦਾ ਹੈ ਅਤੇ ਇਸਨੂੰ ਇਸਦਾ ਵਿਲੱਖਣ ਸਰੂਪ ਪ੍ਰਦਾਨ ਕਰਦਾ ਹੈ, ਇਸਦੇ ਮੁਕਾਬਲੇ ਵਿਚ ਰਾਜਨੀਤਿਕ ਪ੍ਰਣਾਲੀ ਦਾ ਮੁੱਖ ਲੱਛਣ ਜਾਂ ਵਿਸ਼ੇਸ਼ਤਾ ਸ਼ਕਤੀ (Power) ਹੈ। ਸ਼ਕਤੀ ਦੀ ਧਾਰਨਾ ਪ੍ਰਭੂਸੱਤਾ ਦੀ ਧਾਰਨਾ ਤੋਂ ਜ਼ਿਆਦਾ ਵਿਕਸਿਤ, ਵਿਸ਼ਾਲ ਅਤੇ ਵਿਹਾਰਕ (Practical) ਹੈ।

**ਰਾਜਨੀਤਿਕ ਵਿਵਸਥਾ ਦੀ ਧਾਰਨਾ ਵਿਚ ਰਾਜ, ਸਰਕਾਰ ਅਤੇ ਰਾਸ਼ਟਰ ਦਾ ਅਧਿਐਨ ਸ਼ਾਮਿਲ ਹੁੰਦਾ ਹੈ** : ਇਹ ਗੱਲ ਪੂਰਨ ਰੂਪ ਵਿਚ ਸੱਚ ਹੈ ਕਿ ਰਾਜਨੀਤਿਕ ਵਿਵਸਥਾ ਦੇ ਸਮੱਚੇ ਅਰਥ ਨੂੰ ਪ੍ਰਗਟ ਕਰਨ

ਵਾਲਾ ਕੋਈ ਵੀ ਸ਼ਬਦ ਪ੍ਰਾਰੰਪਰਿਕ ਰਾਜਨੀਤੀ ਵਿਗਿਆਨ ਵਿਚ ਨਹੀਂ ਮਿਲਦਾ-'ਰਾਜ', 'ਸਰਕਾਰ' ਜਾਂ 'ਰਾਸ਼ਟਰ' ਸ਼ਬਦ ਜੋ ਕਿ ਪ੍ਰਾਪੰਰਿਕ ਰਾਜਨੀਤੀ ਵਿਗਿਆਨ ਵਿਚ ਵਰਤੇ ਜਾਂਦੇ ਹਨ, ਰਾਜਨੀਤਿਕ ਪ੍ਰਣਾਲੀ ਦੇ ਅਰਥਾਂ ਤੇ ਪੂਰੇ ਨਹੀਂ ਉਤਰਦੇ ਕਿਉਂਕਿ ਰਾਜਨੀਤਿਕ ਪ੍ਰਣਾਲੀ ਵਿਚ ਇਹਨਾਂ ਸਭ ਦਾ ਅਧਿਐਨ ਤਾਂ ਸ਼ਾਂਮਿਲ ਹੀ ਹੈ ਉਹ ਸਭ ਪ੍ਰਕ੍ਰਿਆਵਾਂ ਵੀ ਸ਼ਾਮਿਲ ਹਨ ਜੋ ਭਾਵੇਂ ਕਿਧਰੇ ਵੀ ਵਾਪਰ ਰਹੀਆਂ ਹੋਣ ਪਰ ਜੋ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀਆਂ ਹਨ ਜਿਸ ਕਰਕੇ ਰਾਜਨੀਤਿਕ ਪ੍ਰਣਾਲੀ ਇਹਨਾਂ ਦੀ ਸਭ ਤੋਂ ਜੁੜੇ ਹੁੰਦੇ ਹੋਏ ਵੀ ਇਹਨਾਂ ਤੋਂ ਅਲੱਗ ਹੈ।

**ਰਾਜ ਦੀ ਧਾਰਨਾ ਵਰਨਾਤਮਕ (Descriptive) ਹੈ ਜਦਕਿ ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਵਿਸ਼ਲੇਸ਼ਣਾਤਮਕ (Analytical) ਹੈ** : ਰਾਜ, ਰਾਸ਼ਟਰ ਅਤੇ ਸਰਕਾਰ ਆਦਿ ਦੇ ਰਵਾਇਤੀ ਅਧਿਐਨ ਵਿਚ ਸੰਸਥਾਵਾਂ ਅਤੇ ਉਹਨਾਂ ਨਾਲ ਸੰਬੰਧਿਤ ਸੰਵਿਧਾਨਿਕ ਅਤੇ ਕਾਨੂੰਨੀ ਵਿਵਸਥਾਵਾਂ ਦਾ ਅਤੇ ਇਹਨਾਂ ਦੇ ਕਾਰਜਾਂ ਦਾ ਵਰਣਾਤਮਕ ਵਰਣਨ ਸ਼ਾਮਿਲ ਹੁੰਦਾ ਹੈ। ਭਾਵ ਰਸਮੀ ਸੰਸਥਾਵਾਂ ਦਾ ਅਧਿਐਨ ਜਦਕਿ ਰਾਜਨੀਤਿਕ ਪ੍ਰਣਾਲੀ ਵਿਚ ਇਹਨਾਂ ਰਸਮੀ ਸੰਸਥਾਵਾਂ ਦੇ ਨਾਲ ਨਾਲ ਉਹਨਾਂ ਸਾਰੇ ਗੈਰ ਰਸਮੀ ਸਮੂਹਾਂ, ਸੰਸਥਾਵਾਂ ਅਤੇ ਪ੍ਰਕ੍ਰਿਆਵਾਂ ਦਾ ਅਧਿਐਨ ਸ਼ਾਮਿਲ ਹੁੰਦਾ ਹੈ ਜੋ ਕਿ ਰਾਜਨੀਤਿਕ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਉਸਨੂੰ ਉਸਦਾ ਖਾਸ ਸਰੂਪ ਪ੍ਰਦਾਨ ਕਰਦੀਆਂ ਹਨ। ਆਲਮੰਡ ਤੇ ਪਾਵੇਲ ਦੇ ਸ਼ਬਦਾਂ ਵਿਚ, ''ਰਾਜਨੀਤਿਕ ਪ੍ਰਣਾਲੀ ਵਿਚ ਸਿਰਫ ਸਰਕਾਰ ਦੀਆਂ ਸੰਸਥਾਵਾਂ-ਵਿਧਾਨ ਮੰਡਲ, ਪ੍ਰਸ਼ਾਸਕੀ ਏਜੰਸੀਆਂ ਤੇ ਨਿਆਂ ਪਾਲਿਕਾ ਆਦਿ ਹੀ ਨਹੀਂ ਸਗੋਂ ਸਮਾਜ ਦੀਆਂ ਸਾਰੀਆਂ ਸੰਰਚਨਾਵਾਂ ਜਾਂ ਢਾਂਚਿਆਂ (Structures) ਦਾ ਰਾਜਨੀਤਿਕ ਪੱਖ ਸ਼ਾਮਿਲ ਹੁੰਦਾ ਹੈ-ਇਸ ਵਿਚ ਖੂਨ ਸੰਬੰਧ ਤੇ ਰਿਸ਼ਤੇਦਾਰੀ ਅਤੇ ਜਾਤੀ ਸੰਬੰਧਾਂ ਜਿਹੀਆਂ ਪ੍ਰਾਪੰਰਿਕ ਸੰਸਥਾਵਾਂ ਦੇ ਨਾਲ ਨਾਲ ਅਚਾਨਕ ਹੀ ਵਾਪਰ ਜਾਣ ਵਾਲੀ ਪ੍ਰਤੱਖ ਘਟਨਾਵਾਂ ਜਿਵੇਂ ਕਤਲ, ਹੜਤਾਲਾਂ, ਦੰਗੇ ਅਤੇ ਪ੍ਰਦਰਸ਼ਨ ਅਤੇ ਰਸਮੀ ਸੰਗਠਨ ਜਿਵੇਂ ਰਾਜਨੀਤਿਕ ਦਲ, ਹਿੱਤ ਸਮੂਹ ਅਤੇ ਸੰਚਾਰ ਦੇ ਸਾਧਨ ਆਦਿ ਵੀ ਸ਼ਾਮਿਲ ਹਨ। ਸੋ ਜਿਵੇਂ ਇਸ ਵਿਚਾਰ ਤੋਂ ਹੀ ਸਪਸ਼ਟ ਹੈ, ਰਾਜ ਦੀ ਧਾਰਨਾ ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਦੇ ਮੁਕਾਬਲੇ ਵਿਚ ਅਤਿਅੰਤ ਸੀਮਿਤ ਹੈ ਕਿਉਂਕਿ ਇਸ ਵਿਚ ਕੇਵਲ ਰਸਮੀ ਅਤੇ ਕਾਨੂੰਨੀ (Formal and legal) ਸੰਸਥਾਵਾਂ ਨੂੰ ਹੀ ਸ਼ਾਮਿਲ ਕੀਤਾ ਜਾਂਦਾ ਹੈ।

ਆਧੁਨਿਕ ਕਾਲ ਵਿਚ ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਵਧੇਰੇ ਪ੍ਰਚੱਲਿਤ ਤੇ ਲੋਕਪ੍ਰਿਯ ਹੈ ਕਿਉਂਕਿ ਇਸਨੇ ਰਾਜਨੀਤਿਕ ਅਧਿਐਨ ਨੂੰ ਵਧੇਰੇ ਵਿਆਪਕ, ਵਿਵਹਾਰਵਾਦੀ ਅਤੇ ਵਾਸਤਵਿਕ ਅਤੇ ਵਿਗਿਆਨਕ ਬਣਾਉਣ ਵਿਚ ਬਹੁਤ ਯੋਗਦਾਨ ਪਾਇਆ ਹੈ। ਇਸੇ ਪਹੁੰਚ ਦੇ ਸਦਕੇ ਰਾਜਨੀਤੀ ਦੇ ਵਿਭਿੰਨ ਪੱਖਾਂ ਦਾ ਸਮੂਹਿਕ ਰੂਪ ਵਿਚ ਵਿਸ਼ਲੇਸ਼ਣ ਸੰਭਵ ਹੋ ਸਕਿਆ ਹੈ। ਇਸ ਲਈ ਰਾਜ ਦੀ ਧਾਰਨਾ ਨਾਲੋਂ ਇਹ ਵਧੇਰੇ ਵਿਆਪਕ, ਢੁੱਕਵੀਂ ਅਤੇ ਉਪਯੋਗੀ ਹੈ।

### ਸਵੈ-ਅਭਿਆਸ ਲਈ ਪ੍ਰਸ਼ਨ-3

(1) ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ ਜਾਂ ਸਿਰਫ ਸਿਰਲੇਖ ਲਿਖੋ ਜਾਂ ਖਾਲੀ ਸਥਾਨ ਭਰੋ

(2) ਆਪਣੇ ਉੱਤਰ ਪਾਠ ਦੇ ਅੰਤ ਵਿਚ ਦਿੱਤੇ ਉੱਤਰਾਂ ਨਾਲ ਮਿਲਾਓ

(1) ਰਾਜ ਇਕ ਸੂਖਮ ਧਾਰਨਾ ਹੈ ਜਦਕਿ ਰਾਜਨੀਤਿਕ ਪ੍ਰਣਾਲੀ ਇਕ ........ਹੈ

(2) ਰਾਜ ਦੀ ਧਾਰਨਾ ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਤੋਂ ਕਿਤੇ ਵਿਸਤਰਿਤ ਹੈ। (a) ਠੀਕ (b) ਗਲਤ

(3) ਰਾਜ ਦੀ ਮੁੱਖ ਵਿਸ਼ੇਸ਼ਤਾ..........ਹੈ ਜਦਕਿ ਰਾਜਨੀਤਿਕ ਪ੍ਰਣਾਲੀ ਦੀ ਮੁੱਖ ਵਿਸ਼ੇਸ਼ਤਾ.........ਹੈ।

(4) ਰਾਜਨੀਤਿਕ ਪ੍ਰਣਾਲੀ ਦੇ ਮੁੱਖ ਤੱਤਾਂ ਦਾ ਵਰਣਨ ਕਰੋ।

**ਸਾਰੰਸ਼ (Conclusion) :** ਇਸ ਪਾਠ ਵਿਚ ਰਾਜਨੀਤਿਕ ਪ੍ਰਣਾਲੀ ਦੇ ਵੱਖ ਵੱਖ ਪਹਿਲੂਆਂ ਤੇ ਵਿਚਾਰ ਕੀਤਾ ਹੈ। ਰਾਜਨੀਤਿਕ ਪ੍ਰਣਾਲੀ ਇਕ ਅਜਿਹਾ ਸਿਸਟਮ ਹੈ ਜਿਸ ਵਿਚ ਵੱਖ ਵੱਖ ਭਾਗਾਂ ਦਾ ਇਕ ਦੂਜੇ ਨਾਲ ਕ੍ਰਿਆਤਮਕ ਸੰਬੰਧ ਹੈ। ਇਹ ਪ੍ਰਣਾਲੀ ਸਮਾਜ ਵਿਚ ਸੱਤਾ ਦੇ ਆਧਾਰ ਤੇ ਕੀਮਤਾਂ ਨਿਰਧਾਰਤ ਕਰਦੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਰਾਜਨੀਤਿਕ ਪ੍ਰਣਾਲੀ ਨੂੰ ਕਈ ਨਿਵੇਸ਼ ਤੇ ਨਿਕਾਸ ਕਾਰਜ ਕਰਨੇ ਪੈਂਦੇ ਹਨ। ਡੇਵਿਡ ਈਸਟਨ ਅਨੁਸਾਰ ਨਿਵੇਸ਼ ਕਾਰਜਾਂ ਵਿਚ ਲੋਕਾਂ ਦੀਆਂ ਮੰਗਾਂ ਤੇ ਲੋਕਾਂ ਵਲੋਂ ਰਾਜਨੀਤਿਕ ਪ੍ਰਣਾਲੀ ਨੂੰ ਦਿੱਤਾ ਗਿਆ ਸਮਰਥਨ ਸ਼ਾਮਿਲ ਹੈ। ਨਿਕਾਸ ਕਾਰਜਾਂ ਵਿਚ ਰਾਜਨੀਤਿਕ ਪ੍ਰਣਾਲੀ ਦੀਆਂ ਨੀਤੀਆਂ ਤੇ ਨਿਰਣੇ

ਆਉਂਦੇ ਹਨ। ਆਲਮੰਡ ਨੇ ਵੀ ਰਾਜਨੀਤਿਕ ਪ੍ਰਣਾਲੀ ਦੇ ਕਾਰਜਾਂ ਨੂੰ ਵਧੇਰੇ ਸਪੱਸ਼ਟ ਢੰਗ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਹ ਨਿਵੇਸ਼ਾਂ ਵਿਚ ਚਾਰ ਕਾਰਜ ਭਾਵ ਰਾਜਨੀਤਿਕ ਸਮਾਜੀਕਰਣ ਤੇ ਭਰਤੀ, ਹਿੱਤ ਸਮੂਹੀਕਰਣ, ਹਿੱਤ ਸਪੱਸ਼ਟੀਕਰਣ ਅਤੇ ਰਾਜਨੀਤਿਕ ਸੰਚਾਰ ਸ਼ਾਮਿਲ ਕਰਦਾ ਹੈ। ਜਦਕਿ ਨਿਕਾਸ ਕਾਰਜਾਂ ਵਿਚ ਨਿਯਮ ਨਿਰਮਾਣ, ਨਿਯਮ ਲਾਗੂ ਕਰਨਾ ਤੇ ਨਿਯਮਾਂ ਅਨੁਸਾਰ ਨਿਆਂ ਦੇਣਾ। ਰਾਜਨੀਤਿਕ ਪ੍ਰਣਾਲੀ ਦੀ ਧਾਰਨਾ ਨੇ ਰਾਜਨੀਤਿਕ ਵਿਗਿਆਨ ਨੂੰ ਵਿਗਿਆਨਕ ਢੰਗਾਂ ਨਾਲ ਘੋਖਣ ਵਿਚ ਸਾਡੀ ਮਹੱਤਵਪੂਰਨ ਸਹਾਇਤਾ ਕੀਤੀ ਹੈ।

**ਸਵੈ ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ**

**ਸਵੈ-ਅਭਿਆਸ (I)**

(i) ਰਾਜਨੀਤਿਕ ਕਹੀਆਂ ਜਾਣ ਵਾਲੀਆਂ ਅੰਤਰਕ੍ਰਿਆਵਾਂ

(ii) ਤੁਸੀਂ ਕੋਈ ਚਾਰ ਲੱਛਣ ਦੇ ਸਕਦੇ ਹੋ ਜਿਵੇਂ

- (i) ਵਿਆਪਕਤਾ
- (ii) ਅੰਤਰ ਨਿਰਭਰਤਾ
- (iii) ਸ਼ਕਤੀ ਦਾ ਵਧ ਪ੍ਰਯੋਗ
- (iv) ਰਾਜਨੀਤਿਕ ਢਾਂਚਿਆਂ ਦੀ ਹੋਂਦ

(iii) ਡੇਵਿਡ ਈਸਟਨ ਅਤੇ ਗੈਬਰੀਅਲ ਆਲਮੰਡ

**ਸਵੈ-ਅਭਿਆਸ (II)**

(i) ਨਿਵੇਸ਼ਾਂ ਨੂੰ ਨਿਕਾਸਾਂ ਵਿਚ

(ii) ਮੰਗਾਂ ਤੇ ਸਮਰਥਨ

(iii) ਨਿਰਣੇ ਅਤੇ ਨੀਤੀਆਂ

(iv) (a) ਰਾਜਨੀਤਿਕ ਸਮਾਜੀਕਰਣ ਤੇ ਭਰਤੀ (b) ਹਿੱਤ ਸਰੂਪੀਕਰਣ ਜਾਂ ਹਿੱਤ ਸਮੂਹੀਕਰਣ (c) ਹਿੱਤ ਸਪਸ਼ਟੀਕਰ (d) ਰਾਜਨੀਤਿਕ ਸੰਚਾਰ

(v) ਨਿਵੇਸ਼ਾਂ ਨੂੰ ਨਿਕਾਸਾਂ ਵਿਚ ਬਦਲਣ ਦੀ ਪ੍ਰਕ੍ਰਿਆ ਨੂੰ ਰੂਪਾਂਤਰਣ ਪ੍ਰਕ੍ਰਿਆ ਕਹਿੰਦੇ ਹਨ।

(vi) ਨਿਕਾਸਾਂ ਭਾਵ ਨੀਤੀਆਂ ਤੇ ਨਿਰਣਿਆਂ ਬਾਰੇ ਲੋਕਾਂ ਦੀ ਪ੍ਰਤੀਕ੍ਰਿਆ ਨੂੰ ਫੀਡ ਬੈਂਕ ਕਹਿੰਦੇ ਹਨ।

**ਸਵੈ-ਅਭਿਆਸ (III)**

(i) ਵਾਸਤਵਿਕਤਾ

(ii) ਗਲਤ

(iii) ਪ੍ਰਭੂਸੱਤਾ..........ਸ਼ਕਤੀ

(iv) ਰਾਜਨੀਤਿਕ ਵਿਵਹਾਰ, ਰਾਜਨੀਤਿਕ ਪ੍ਰਕ੍ਰਿਆਵਾਂ, ਰਾਜਨੀਤਿਕ ਸੰਸਥਾਵਾਂ ਅਤੇ ਰਾਜਨੀਤਿਕ ਉਦੇਸ਼।

**ਸੁਝਾਈਆਂ ਪੁਸਤਕਾਂ**

1. J.S. Badyal - 'Political Theory' (Punjabi)
2. J.C. Johori - 'Principles of Modern Political Science
3. John Hoffmann-'Introduction to Political Theory'
4. Sushila Ramaswamy-'Political Theory'
5. Almond & Powell - "Comparative Politics"
6. Maheshwari - "Comparative Politics"
7. www.wikipedia.org
8. http://jccc-ugcinfonet.in

**ਪਾਠ ਨੰਬਰ : 1.3** **ਲੇਖਕ : ਪ੍ਰੋ. ਕੁਲਦੀਪ ਸਿੰਘ**

## ਅਧਿਕਾਰ-ਅਰਥ, ਪਰਿਭਾਸ਼ਾ, ਸਰੂਪ ਜਾਂ ਵਿਸ਼ੇਸ਼ਤਾਵਾਂ ਅਤੇ ਕਿਸਮਾਂ (Rights-Meaning, Definition, Nature or Characteristics and Kinds)

**ਪਾਠ ਦੀ ਰੂਪ-ਰੇਖਾ**


1.3.1 ਪਾਠ ਦਾ ਉਦੇਸ਼
1.3.2 ਭੂਮਿਕਾ
1.3.3 ਅਧਿਕਾਰਾਂ ਦਾ ਅਰਥ ਅਤੇ ਪ੍ਰੀਭਾਸ਼ਾ
1.3.4 ਅਧਿਕਾਰਾਂ ਦਾ ਸਰੂਪ ਜਾਂ ਵਿਸ਼ੇਸ਼ਤਾਵਾਂ
1.3.5 ਅਧਿਕਾਰਾਂ ਦੀਆਂ ਕਿਸਮਾਂ
1.3.6 ਅਧਿਕਾਰਾਂ ਦੀ ਸੁਰੱਖਿਆ ਦੇ ਉਪਾਅ
1.3.7 ਸਾਰੰਸ਼
1.3.8 ਸਵੈ-ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ
1.3.9 ਸੁਝਾਈਆਂ ਪੁਸਤਕਾਂ


### 1.3.1 ਪਾਠ ਦੇ ਉਦੇਸ਼ (Objectives of the Lesson)

ਅਧਿਕਾਰ ਵਿਅਕਤੀ ਦੇ ਸਰਵਪੱਖੀ ਵਿਕਾਸ ਅਤੇ ਸਿੱਟੇ ਵਜੋਂ ਸਮਾਜਿਕ ਵਿਕਾਸ ਲਈ ਅਤਿਅੰਤ ਜ਼ਰੂਰੀ ਹਨ। **ਲਾਸਕੀ (Laski) ਅਨੁਸਾਰ ਕਿਸੇ ਰਾਜ ਦੀ ਪਛਾਣ ਉਸ ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਾਂ ਤੋਂ ਹੁੰਦੀ ਹੈ।** ਅਧਿਕਾਰ ਰਾਜ ਦੁਆਰਾ ਨਾਗਰਿਕਾਂ ਨੂੰ ਦਿੱਤੀਆਂ ਉਹ ਜ਼ਰੂਰੀ ਅਵਸਥਾਵਾਂ ਜਾਂ ਸਹੂਲਤਾਂ ਹਨ ਜਿਨ੍ਹਾਂ ਤੋਂ ਬਿਨਾਂ ਵਿਅਕਤੀ ਦਾ ਸਰਵਪੱਖੀ ਵਿਕਾਸ ਅਸੰਭਵ ਹੈ। ਇਸ ਲਈ, ਇਸ ਪਾਠ ਵਿਚ ਅਸੀਂ ਰਾਜਨੀਤੀ ਵਿਗਿਆਨ ਦੇ ਇਸ ਮਹੱਤਵਪੂਰਨ ਸੰਕਲਪ, ਅਰਥਾਤ, ਅਧਿਕਾਰਾਂ ਦੇ ਅਰਥ ਤੇ ਪਰਿਭਾਸ਼ਾ, ਅਧਿਕਾਰਾਂ ਦੇ ਸਰੂਪ ਤੇ ਪ੍ਰਮੁੱਖ ਵਿਸ਼ੇਸ਼ਤਾਵਾਂ, ਅਧਿਕਾਰਾਂ ਦੀਆਂ ਵਭਿੰਨ ਕਿਸਮਾਂ ਅਤੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਦੇ ਉਪਾਵਾਂ, ਆਦਿ, ਦੀ ਚਰਚਾ ਕਰਾਂਗੇ। ਇਸ ਪਾਠ ਦਾ ਅਧਿਅਨ ਕਰਨ ਤੋਂ ਬਾਅਦ ਇਕ ਵਿਦਿਆਰਥੀ ਇਹਨਾਂ ਸਵਾਲਾਂ ਦਾ ਜਵਾਬ ਦੇਣ ਦੇ ਸਮਰੱਥ ਹੋ ਸਕੇਗਾ ਕਿ ਅਧਿਕਾਰਾਂ ਦੀ ਵਿਅਕਤੀ ਦੇ ਜੀਵਨ ਲਈ ਕੀ ਮਹੱਤਤਾ ਹੈ; ਅਧਿਕਾਰਾਂ ਤੋਂ ਕੀ ਭਾਵ ਲਿਆ ਜਾਂਦਾ ਹੈ ਅਤੇ ਇਹਨਾਂ ਨੂੰ ਕਿਵੇਂ ਪ੍ਰੀਭਾਸ਼ਿਤ ਕੀਤਾ ਜਾਂਦਾ ਹੈ; ਅਧਿਕਾਰਾਂ ਦਾ ਸਰੂਪ ਜਾਂ ਇਹਨਾਂ ਦੀਆਂ ਕਿਹੜੀਆਂ ਵਿਸ਼ੇਸ਼ਤਾਵਾਂ ਹਨ; ਅਧਿਕਾਰਾਂ ਦੀਆਂ ਕਿਹੜੀਆਂ ਵੱਖ-ਵੱਖ ਕਿਸਮਾਂ ਹਨ; ਅਤੇ, ਅਧਿਕਾਰਾਂ ਨੂੰ ਸੁਨਿਸ਼ਚਿਤ ਤੇ ਸੁਰੱਖਿਅਤ ਕਿਵੇਂ ਕੀਤਾ ਜਾ ਸਕਦਾ ਹੈ, ਆਦਿ।

### 1.3.2 ਭੂਮਿਕਾ (Introduction)

ਮਨੁੱਖ ਦੀ ਸਮਾਜਿਕ ਜ਼ਿੰਦਗੀ ਨੂੰ ਸੁਖਾਵਾਂ ਅਤੇ ਸੰਭਵ ਬਣਾਉਣ ਲਈ ਸਮਾਜ ਅਤੇ ਰਾਜ ਵੱਲੋਂ ਮਨੁੱਖ ਨੂੰ ਕੁਝ ਸਹੂਲਤਾਂ ਪ੍ਰਾਪਤ ਹੁੰਦੀਆਂ ਹਨ। ਇਹ ਸਹੂਲਤਾਂ ਵਿਅਕਤੀ ਨੂੰ ਰਾਜ ਵੱਲੋਂ ਇਸ ਲਈ ਦਿਤੀਆਂ ਜਾਂਦੀਆਂ ਹਨ ਤਾਂ ਜੋ ਉਹ ਆਪਣੇ ਜੀਵਨ ਦਾ ਬਹੁ-ਪੱਖੀ — ਨਿੱਜੀ, ਸਮਾਜਿਕ, ਆਰਥਿਕ, ਰਾਜਨੀਤਕ, ਬੌਧਿਕ ਅਤੇ ਨੈਤਿਕ-ਵਿਕਾਸ ਕਰ ਸਕੇ। ਰਾਜ ਵੱਲੋਂ ਵਿਅਕਤੀ ਨੂੰ ਦਿੱਤੀਆਂ ਸਹੂਲਤਾਂ ਦਾ ਨਾਂ ਅਧਿਕਾਰ ਹੈ। ਅਧਿਕਾਰ ਅਜਿਹੀਆਂ ਪ੍ਰਸਥਿਤੀਆਂ ਦਾ ਨਾਂ ਹੈ ਜਿਨ੍ਹਾਂ ਤੋਂ ਬਿਨਾਂ *ਵਿਅਕਤੀ ਲਈ ਪੂਰਨ ਵਿਕਾਸ* ਕਰਨਾ ਸੰਭਵ ਨਹੀਂ। ਵਿਅਕਤੀ ਦਾ ਵਿਕਾਸ ਹੀ *ਸਮਾਜ ਦੇ ਵਿਕਾਸ* ਦਾ ਅਧਾਰ ਬਣਦਾ ਹੈ। ਅਜੋਕੇ ਸਭਿਆ ਸਮਾਜ ਵਿਚ ਅਧਿਕਾਰਾਂ ਦੀ ਮਹੱਤਤਾ ਬਹੁਤ ਵੱਧ ਗਈ ਹੈ। ਸੰਯੁਕਤ ਰਾਸ਼ਟਰ ਸੰਘ ਨੇ ਵੀ 10 ਦਸੰਬਰ, 1948 ਨੂੰ '**ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਘੋਸ਼ਣਾ ਪੱਤਰ**' ਨੂੰ ਅਪਣਾਇਆ ਜਿਸਨੂੰ ਮੰਨਣ ਦਾ ਦਾਅਵਾ ਲਗਭਗ ਸਾਰੇ ਰਾਸ਼ਟਰ ਹੀ ਕਰਦੇ ਹਨ। ਇਹਨਾਂ ਅਧਿਕਾਰਾਂ ਦੀ ਉਲੰਘਣਾ ਸਮੂਹ ਰਾਸ਼ਟਰਾਂ ਵੱਲੋਂ ਇਕ ਚਿੰਤਾਜਨਕ ਵਿਵਾਦ ਦਾ ਵਿਸ਼ਾ ਸਮਝਿਆ ਜਾਂਦਾ ਹੈ। ਅਧਿਕਾਰਾਂ ਦਾ ਇਹ ਦਰਜ਼ਾ ਕਾਫੀ ਸਦੀਆਂ ਬਾਅਦ ਅਤੇ ਵਿਕਾਸ

ਦੇ ਕਈ ਪੜਾਵਾਂ ਵਿਚੋਂ ਲੰਘਕੇ ਮਿਲਿਆ ਹੈ। ਅੱਜ ਦੇ ਲੋਕਤੰਤਰੀ ਯੁੱਗ ਵਿਚ ਅਧਿਕਾਰਾਂ ਦਾ ਹੋਰ ਵੀ ਜਿਆਦਾ ਮਹੱਤਵ ਹੈ। ਇਸੇ ਕਾਰਨ ਲੋਕਤੰਤਰੀ ਦੇਸ਼ਾਂ ਵਿਚ ਸੰਵਿਧਾਨ ਦੁਆਰਾ ਨਾਗਰਿਕਾਂ ਨੂੰ ਮੂਲ ਰੂਪ ਵਿਚ ਕੁੱਝ ਅਧਿਕਾਰ ਪ੍ਰਦਾਨ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਮੌਲਿਕ ਅਧਿਕਾਰਾਂ ਵਜੋਂ ਜਾਣਿਆ ਜਾਂਦਾ ਹੈ ਅਤੇ ਇਹਨਾਂ ਨੂੰ ਸੰਵਿਧਾਨ ਦੁਆਰਾ ਸੁਰੱਖਿਅਤ ਵੀ ਰੱਖਿਆ ਜਾਂਦਾ ਹੈ। ਇਸ ਲਈ ਅਜੋਕੇ ਸਮੇਂ ਵਿਚ ਰਾਜਨੀਤਕ ਚਿੰਤਕਾਂ ਲਈ ਅਧਿਕਾਰਾਂ ਦਾ ਵਿਸਥਾਰਪੂਰਬਕ ਅਧਿਅਨ ਕਰਨਾ ਜ਼ਰੂਰੀ ਹੋ ਗਿਆ ਹੈ।

### 1.3.3 ਅਧਿਕਾਰਾਂ ਦਾ ਅਰਥ ਅਤੇ ਪ੍ਰੀਭਾਸ਼ਾ (Meaning and Definition of Rights)

ਅਧਿਕਾਰ ਵਿਅਕਤੀ ਦੇ ਉਹ ਉਚਿਤ ਦਾਅਵੇ ਜਾਂ ਮੰਗਾਂ ਹਨ ਜੋ ਉਸਦੇ ਵਿਕਾਸ ਲਈ ਅਤੀ ਜ਼ਰੂਰੀ ਹਨ। ਅਜਿਹੇ ਉਚਿਤ ਦਾਅਵਿਆਂ ਜਾਂ ਮੰਗਾਂ ਨੂੰ ਸਮਾਜ ਪ੍ਰਵਾਨ ਕਰਦਾ ਹੈ ਅਤੇ ਰਾਜ ਦੁਆਰਾ ਉਨ੍ਹਾਂ ਦੀ ਰਾਖੀ ਕੀਤੀ ਜਾਂਦੀ ਹੈ। **ਟੀ.ਐਚ. ਗ੍ਰੀਨ (T.H. Green)** ਅਨੁਸਾਰ, "ਅਧਿਕਾਰ ਆਪਣੇ ਉਦੇਸ਼ਾਂ ਲਈ ਵਰਤੀ ਜਾਣ ਵਾਲੀ ਉਹ ਸ਼ਕਤੀ ਹੈ ਜੋ ਸਮੂਹ ਨੇ ਵਿਅਕਤੀ ਨੂੰ ਇਸ ਅਧਾਰ 'ਤੇ ਦਿੱਤੀ ਹੈ ਕਿ ਉਹ ਸਮੂਹ ਦੇ ਭਲੇ ਲਈ ਵੱਧ ਤੋਂ ਵੱਧ ਯੋਗਦਾਨ ਦੇ ਸਕੇ।"

**ਲਾਸਕੀ (Laski)** ਅਨੁਸਾਰ, **"ਅਧਿਕਾਰ ਉਨ੍ਹਾਂ ਸਮਾਜਿਕ ਪ੍ਰਸਥਿਤੀਆਂ ਦਾ ਨਾਂ ਹੈ ਜਿਨ੍ਹਾਂ ਤੋਂ ਬਗੈਰ ਕੋਈ ਵਿਅਕਤੀ ਪੂਰਣ ਤੌਰ 'ਤੇ ਵਿਕਾਸ ਨਹੀਂ ਕਰ ਸਕਦਾ।"**

**ਵਾਈਲਡ (Wilde)** ਅਨੁਸਾਰ, "ਕੁਝ ਕੰਮਾਂ ਨੂੰ ਕਰਨ ਲਈ ਅਜ਼ਾਦੀ ਦੀ ਉਚਿਤ ਮੰਗ ਅਧਿਕਾਰ ਹਨ।" **ਬੇਨੀ ਪ੍ਰਸਾਦ (Beni Prasad)** ਅਨੁਸਾਰ, "ਅਧਿਕਾਰ ਉਹ ਸਮਾਜਿਕ ਹਾਲਤਾਂ ਹਨ ਜੋ ਵਿਅਕਤੀਤਵ ਦੇ ਵਿਕਾਸ ਲਈ ਜ਼ਰੂਰੀ ਹਨ।"

**ਬਾਰਕਰ (Barker)** ਵੀ ਅਧਿਕਾਰਾਂ ਦੀ ਇਸੇ ਪ੍ਰਕਾਰ ਵਿਆਖਿਆ ਕਰਦੇ ਹਨ "ਅਧਿਕਾਰ ਉਹ ਬਾਹਰੀ ਹਾਲਤਾਂ ਹਨ ਜੋ ਵਿਅਕਤੀਤਵ ਦੀ ਸਮਰੱਥਾ ਦੇ ਵੱਧ ਤੋਂ ਵੱਧ ਵਿਕਾਸ ਲਈ ਜ਼ਰੂਰੀ ਹਨ। **ਬੋਸਾਂਕੇ (Bosanquet)** ਅਨੁਸਾਰ, "ਅਧਿਕਾਰ ਉਹ ਮੰਗ ਹੈ ਜਿਸਨੂੰ ਸਮਾਜ ਪ੍ਰਵਾਨ ਕਰਦਾ ਹੈ ਅਤੇ ਰਾਜ ਲਾਗੂ ਕਰਦਾ ਹੈ।"

ਉਪਰੋਕਤ ਪ੍ਰੀਭਾਸ਼ਾਵਾਂ ਤੋਂ ਸਪੱਸ਼ਟ ਹੈ ਕਿ ਅਧਿਕਾਰ ਵਿਅਕਤੀ ਨੂੰ ਨਿੱਜੀ ਅਤੇ ਸਮਾਜਿਕ ਕਲਿਆਣ ਲਈ ਦਿੱਤੇ ਗਏ ਹਨ। ਅਧਿਕਾਰ ਉਹ ਸਹੂਲਤਾਂ ਹਨ ਜੋ ਸਮਾਜਿਕ ਕਦਰਾਂ-ਕੀਮਤਾਂ ਦੇ ਅਨੁਸਾਰ ਹਨ ਅਤੇ ਜਿਨ੍ਹਾਂ ਨੂੰ ਰਾਜ ਦੀ ਮਾਨਤਾ ਪ੍ਰਾਪਤ ਹੈ। ਸਮਾਜ ਤੋਂ ਬਾਹਰ ਵਿਅਕਤੀ ਦੇ ਅਧਿਕਾਰਾਂ ਦੀ ਕਲਪਨਾ ਕਰਨੀ ਅਸੰਭਵ ਹੈ ਕਿਉਂਕਿ ਸਮਾਜ ਤੋਂ ਬਾਹਰ ਰਹਿ ਰਿਹਾ ਵਿਅਕਤੀ ਆਪਣੀਆਂ ਲੋੜਾਂ ਦੀ ਪੂਰਤੀ ਲਈ ਸਹੂਲਤਾਂ ਦੀ ਮੰਗ ਕਿਸ ਕੋਲੋਂ ਕਰੇਗਾ ਅਤੇ ਉਸਦੇ ਅਧਿਕਾਰਾਂ ਦੀ ਉਲੰਘਣਾ ਨੂੰ ਕੌਣ ਰੋਕੇਗਾ?

### 1.3.4 ਅਧਿਕਾਰਾਂ ਦਾ ਸਰੂਪ ਜਾਂ ਵਿਸ਼ੇਸ਼ਤਾਵਾਂ (Nature or Characteristics of Rights)

ਅਧਿਕਾਰਾਂ ਦੇ ਦੋ ਵਿਸ਼ੇਸ਼ ਪੱਖ ਹਨ : **ਵਿਅਕਤੀਗਤ (Individual) ਅਤੇ ਸਮਾਜਿਕ (Social)**। ਵਿਅਕਤੀਗਤ ਜਾਂ ਨਿੱਜੀ ਪੱਖ ਵਿਅਕਤੀ ਦੇ ਨਿੱਜੀ ਵਿਕਾਸ ਲਈ ਅਧਿਕਾਰਾਂ ਨਾਲ ਸਬੰਧਿਤ ਹੈ ਅਤੇ ਸਮਾਜਿਕ ਪੱਖ ਵਿਅਕਤੀ ਦੇ ਸਮਾਜਿਕ ਵਿਕਾਸ ਵਿਚ ਯੋਗਦਾਨ ਨਾਲ ਸਬੰਧਿਤ ਹੈ। ਇਸਦਾ ਅਰਥ ਹੈ ਕਿ ਅਧਿਕਾਰਾਂ ਦਾ ਪ੍ਰਯੋਗ ਸਮਾਜਿਕ ਹਿੱਤਾਂ ਦੇ ਅਨੁਸਾਰ ਕੀਤਾ ਜਾਣਾ ਜ਼ਰੂਰੀ ਹੈ। ਇਸੇ ਕਰਕੇ ਅਧਿਕਾਰਾਂ 'ਤੇ ਕੁਝ ਬੰਦਸ਼ਾਂ ਲਗਾਈਆਂ ਜਾਂਦੀਆਂ ਹਨ ਤਾਂ ਕਿ ਸਮਾਜਿਕ ਵਿਕਾਸ ਵਿਚ ਰੁਕਾਵਟ ਨਾ ਆਵੇ। ਉਦਾਹਰਣ ਵਜੋਂ, ਵਿਅਕਤੀ ਨੂੰ ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਹੈ ਪਰ ਉਹ ਇਸ ਅਧਿਕਾਰ ਦੀ ਵਰਤੋਂ ਹਿੰਸਕ ਕਾਰਵਾਈ ਭੜਕਾਉਣ ਜਾਂ ਦੂਸਰਿਆਂ 'ਤੇ ਝੂਠੀ ਤੁਹਮਤ ਲਗਾਉਣ ਲਈ ਨਹੀਂ ਕਰ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਸਮਾਜ ਦੀਆਂ ਮੂਲ ਕਦਰਾਂ-ਕਮੀਤਾਂ ਨਸ਼ਟ ਹੁੰਦੀਆਂ ਹਨ। ਇਸ ਪ੍ਰਕਾਰ ਅਧਿਕਾਰਾਂ 'ਤੇ ਵੀ ਬੰਦਸ਼ਾਂ ਲਗਾਇਆਂ ਗਈਆਂ ਹਨ ਤਾਂ ਕਿ ਵਿਅਕਤੀ ਹੋਰਾਂ ਦੀ ਸਮਾਜਿਕ ਜ਼ਿੰਦਗੀ ਵਿਚ ਵਿਘਨ ਨਾ ਪਾ ਸਕੇ। ਇਸ ਪ੍ਰਕਾਰ ਅਧਿਕਾਰਾਂ ਦੇ ਵਿਅਕਤੀਗਤ ਅਤੇ ਸਮਾਜਿਕ ਪਹਿਲੂਆਂ ਵਿਚਕਾਰ ਗੂੜਾ ਸਬੰਧ ਹੁੰਦਾ ਹੈ।

ਅਧਿਕਾਰ ਵਿਅਕਤੀ ਦਾ ਉਹ ਦਾਅਵਾ ਹੈ ਜਿਸਨੂੰ ਸਮਾਜ ਅਤੇ ਰਾਜ ਦੁਆਰਾ ਮਾਨਤਾ ਹਾਸਿਲ ਹੁੰਦੀ ਹੈ। ਇਸ ਪ੍ਰਕਾਰ ਅਧਿਕਾਰ ਦੀ ਪ੍ਰੀਭਾਸ਼ਾ ਵਿਚ ਤਿੰਨ ਜ਼ਰੂਰੀ ਤੱਤ ਸ਼ਾਮਿਲ ਹਨ। ਪਹਿਲਾ, ਅਧਿਕਾਰ ਵਿਅਕਤੀ ਦਾ ਦਾਅਵਾ ਹੈ। ਦੂਸਰਾ, ਵਿਅਕਤੀ ਦੇ ਇਸ ਦਾਅਵੇ ਨੂੰ ਸਮਾਜ ਦੀ ਮਾਨਤਾ ਮਿਲਣੀ ਜ਼ਰੂਰੀ ਹੈ, ਅਰਥਾਤ, ਇਹ ਸਾਰਿਆਂ ਦੀ ਭਲਾਈ ਨਾਲ ਸਬੰਧਿਤ ਹੈ। ਤੀਸਰਾ, ਅਧਿਕਾਰਾਂ ਨੂੰ ਰਾਜਨੀਤਕ ਮਾਨਤਾ ਹੋਣੀ ਚਾਹੀਦੀ ਹੈ। ਰਾਜ ਦੀ ਮਾਨਤਾ ਤੋਂ ਬਿਨਾਂ ਅਧਿਕਾਰ ਸਿਰਫ ਨੈਤਿਕ ਘੋਸ਼ਣਾਵਾਂ ਹਨ। ਇਕ ਪੱਖੋਂ ਅਧਿਕਾਰ ਵਿਅਕਤੀ ਦੀ ਇੱਛਾ ਪੂਰਤੀ ਦਾ ਸਾਧਨ ਹਨ। ਪ੍ਰੰਤੂ ਵਿਅਕਤੀ

ਦੀਆਂ ਸਾਰੀਆਂ ਇਛਾਵਾਂ ਉਚਿਤ ਨਹੀਂ ਹੁੰਦੀਆਂ ਜਾਂ ਸਮਾਜਿਕ ਪ੍ਰਬੰਧ ਦੇ ਅਨੁਸਾਰ ਨਹੀਂ ਹੁੰਦੀਆਂ। ਇਸ ਲਈ ਅਧਿਕਾਰ ਸਮਾਜਿਕ ਪ੍ਰਬੰਧ ਲਈ ਨੁਕਸਾਨਦੇਹ ਇਛਾਵਾਂ ਨੂੰ ਸੀਮਤ ਕਰਨ ਜਾਂ ਦਬਾਉਣ ਉਪਰ ਟਿਕੇ ਹੋਏ ਹਨ। ਰਾਜ ਅਜਿਹੀ ਏਜੰਸੀ ਹੈ ਜੋ ਵਿਅਕਤੀਆਂ ਨੂੰ ਆਪਣੀ ਸਵਾਰਥੀ ਇੱਛਾ ਅਨੁਸਾਰ ਚੱਲਣ ਤੋਂ ਰੋਕਦੀ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਅਧਿਕਾਰ ਜ਼ਰੂਰੀ ਤੇ ਲਾਭਦਾਇਕ ਹਨ ਕਿਉਂਕਿ ਉਹ ਵਿਅਕਤੀ ਨੂੰ ਸਵੈ-ਵਿਕਾਸ ਦਾ ਮੌਕਾ ਪ੍ਰਦਾਨ ਕਰਦੇ ਹਨ ਜਿਸਦਾ ਸਿੱਟਾ ਸਮਾਜਿਕ ਜੀਵਨ ਦੀ ਬੇਹਤਰੀ ਅਤੇ ਜਨਤਕ ਕਲਿਆਣ ਦੇ ਵਾਧੇ ਵਿਚ ਨਿਕਲਦਾ ਹੈ।

ਉਪਰੋਕਤ ਚਰਚਾ ਤੋਂ ਅਧਿਕਾਰਾਂ ਦੇ ਸਰੂਪ ਸਬੰਧੀ ਕੁੱਝ ਵਿਸ਼ੇਸ਼ ਪੱਖ ਨਜ਼ਰ ਆਉਂਦੇ ਹਨ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**1.3.4.1 ਅਧਿਕਾਰ ਵਿਅਕਤੀਆਂ ਦੇ ਦਾਅਵੇ ਹਨ (Rights are Claims of the Individuals) :** ਵਿਅਕਤੀ ਦੀਆਂ ਬਹੁਤ ਸਾਰੀਆਂ ਇਛਾਵਾਂ ਹੁੰਦੀਆਂ ਹਨ। ਉਨ੍ਹਾਂ ਦੀ ਸੰਤੁਸ਼ਟੀ ਲਈ ਮਨੁੱਖ ਨੂੰ ਕੁੱਝ ਸਮਾਜਿਕ ਪ੍ਰਸਥਿਤੀਆਂ ਦੀ ਲੋੜ ਹੈ ਅਤੇ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਇਹਨਾਂ ਪ੍ਰਸਥਿਤੀਆਂ ਦੀ ਮੰਗ ਕਰਦਾ ਹੈ। ਅਧਿਕਾਰ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਦੀ ਸਮਾਜ ਕੋਲੋਂ ਇਕ ਮੰਗ ਹੈ। ਜਦੋਂ ਸਮਾਜ ਜਾਂ ਰਾਜ ਉਸ ਦਾਅਵੇ ਨੂੰ ਉਚਿਤ ਮੰਨਦਾ ਹੋਇਆ ਪ੍ਰਵਾਨ ਕਰ ਲੈਂਦਾ ਹੈ ਤਾਂ ਇਹ ਮੰਗ ਅਧਿਕਾਰ ਬਣ ਜਾਂਦੀ ਹੈ।

**1.3.4.2 ਅਧਿਕਾਰ ਕੇਵਲ ਸਮਾਜ ਵਿਚ ਹੀ ਸੰਭਵ ਹਨ (Rights are Possible only in Society) :** ਅਧਿਕਾਰਾਂ ਨੂੰ ਕੇਵਲ ਸਮਾਜ ਵਿਚ ਰਹਿਕੇ ਹੀ ਮਾਣਿਆ ਜਾ ਸਕਦਾ ਹੈ। ਸਮਾਜ ਤੋਂ ਬਿਨਾਂ ਅਧਿਕਾਰਾਂ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਸਮਾਜ ਤੋਂ ਬਾਹਰ ਜੰਗਲ ਵਿਚ ਇੱਕਲਾ ਰਹਿ ਰਿਹਾ ਵਿਅਕਤੀ ਕਿਸਤੋਂ ਅਧਿਕਾਰ ਦੀ ਮੰਗ ਕਰੇਗਾ? ਅਤੇ ਕੌਣ ਉਸਦੇ ਅਧਿਕਾਰ ਦੀ ਸੁਰੱਖਿਆ ਕਰੇਗਾ?

**1.3.4.3 ਅਧਿਕਾਰ ਵਿਵੇਕ ਅਤੇ ਨੈਤਿਕਤਾ 'ਤੇ ਅਧਾਰਿਤ ਹਨ (Rights are based on Reasons and Morality) :** ਅਧਿਕਾਰ ਮਨੁੱਖ ਅਤੇ ਸਮੂਹ ਦੀ ਆਤਮਾ (Conscience) ਦਾ ਹਿੱਸਾ ਹਨ। ਉਨ੍ਹਾਂ ਦਾ ਇਕ ਨੈਤਿਕ ਸਰੂਪ ਹੈ। ਅਧਿਕਾਰਾਂ ਦਾ ਪੂਰਵ-ਰਾਜਨੀਤਕ (Pre-political) ਚਰਿਤਰ ਹੈ। ਉਹ ਰਾਜ ਤੋਂ ਸੁਤੰਤਰ ਹੋ ਸਕਦੇ ਹਨ ਪਰ ਕੁਦਰਤੀ ਸਮਾਜ ਤੋਂ ਨਹੀਂ, ਸਮਾਜਿਕ ਮਾਨਤਾ ਰਾਜਨੀਤਕ ਤੋਂ ਪਹਿਲਾਂ ਆਉਂਦੀ ਹੈ। ਅਧਿਕਾਰਾਂ ਦੀ ਅਤੇ ਸਮਾਜਿਕ ਉਪਯੋਗਤਾ ਹੈ। ਉਨ੍ਹਾਂ ਦੀ ਸਮਾਜਿਕ ਉਪਯੋਗਤਾ ਇਹ ਹੈ ਕਿ ਉਨ੍ਹਾਂ ਦਾ ਸਮਾਜ ਤੇ ਵਿਅਕਤੀ ਦੋਵਾਂ ਲਈ ਮੁੱਲ ਹੈ। ਵਿਅਕਤੀ ਦੇ ਸਰਵਪੱਖੀ ਵਿਕਾਸ ਉਪਰ ਹੀ ਸਮਾਜਿਕ ਵਿਕਾਸ ਨਿਰਭਰ ਹੈ। ਵਿਵੇਕ ਅਤੇ ਨੈਤਿਕ ਸਿਧਾਂਤ ਅਧਿਕਾਰਾਂ ਦਾ ਅਧਾਰ ਹਨ। ਵਿਅਕਤੀ ਦੇ ਅਵਿਵੇਕੀ ਅਤੇ ਅਨੈਤਿਕ ਦਾਅਵੇ ਨੂੰ ਸਮਾਜਿਕ ਜਾਂ ਰਾਜਨੀਤਕ ਮਾਨਤਾ ਨਹੀਂ ਮਿਲਦੀ। ਉਦਾਹਰਣ ਵਜੋਂ, ਵਿਅਕਤੀ ਨੂੰ ਆਤਮ-ਹੱਤਿਆ ਦਾ ਅਧਿਕਾਰ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਇਹ ਸਮਾਜ ਅਤੇ ਵਿਅਕਤੀ ਦੇ ਅਸਲੀ ਹਿੱਤਾਂ ਦੇ ਵਿਰੁੱਧ ਹੈ।

**1.3.4.4 ਅਧਿਕਾਰ ਸਮਾਜ ਦੁਆਰਾ ਪ੍ਰਵਾਨਿਤ ਅਤੇ ਰਾਜ ਦੁਆਰਾ ਲਾਗੂ ਕੀਤੇ ਜਾਂਦੇ ਹਨ (Rights are Recognised by Society and Enforced by the State) :** ਵਿਅਕਤੀ ਦਾ ਕੋਈ ਵੀ ਦਾਅਵਾ ਜਾਂ ਮੰਗ ਸਮਾਜ ਦੀ ਮਾਨਤਾ ਅਤੇ ਰਾਜ ਦੀ ਸੁਰੱਖਿਆ ਤੋਂ ਬਿਨਾਂ ਅਧਿਕਾਰ ਨਹੀਂ ਬਣ ਸਕਦਾ ਅਤੇ ਸਮਾਜ ਤੇ ਰਾਜ ਕੇਵਲ ਉਨ੍ਹਾਂ ਦਾਅਵਿਆਂ ਜਾਂ ਮੰਗਾਂ ਨੂੰ ਹੀ ਅਧਿਕਾਰ ਦੇ ਰੂਪ ਵਿਚ ਸਵੀਕਾਰ ਕਰਦਾ ਹੈ ਜੋ ਵਿਅਕਤੀਗਤ ਅਤੇ ਸਮਾਜਿਕ ਭਲਾਈ ਦੇ ਉਲਟ ਨਹੀਂ ਬਲਕਿ ਇਸ ਵਿਚ ਵਾਧਾ ਕਰਨ ਵਿਚ ਸਹਾਈ ਹੁੰਦੇ ਹਨ। ਅਸਲ ਵਿਚ ਵਿਅਕਤੀ ਅਤੇ ਸਮੂਹ ਲਈ ਉਨ੍ਹਾਂ ਦੀ ਉਪਯੋਗਤਾ (Utility) ਕਾਰਨ ਹੀ ਅਧਿਕਾਰਾਂ ਨੂੰ ਪਹਿਲਾਂ ਸਮਾਜ ਦੁਆਰਾ ਮਾਨਤਾ ਦਿੱਤੀ ਜਾਂਦੀ ਹੈ ਅਤੇ ਫਿਰ ਰਾਜ ਦੁਆਰਾ ਕਾਨੂੰਨੀ ਮਾਨਤਾ ਪ੍ਰਾਪਤ ਹੁੰਦੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ।

**1.3.4.5 ਅਧਿਕਾਰ ਅਸੀਮਤ ਨਹੀਂ ਹਨ (Rights can Never be Absolute) :** ਕੋਈ ਵੀ ਅਧਿਕਾਰ ਨਿਰੰਕੁਸ਼ (Absolute) ਰੂਪ ਵਿਚ ਨਹੀਂ ਦਿੱਤਾ ਜਾਂਦਾ। ਸਮਾਜਿਕ ਹਿੱਤਾਂ ਅਤੇ ਰਾਜ ਦੀ ਸੁਰੱਖਿਆ ਲਈ ਅਧਿਕਾਰਾਂ ਉਪਰ ਜਾਇਜ਼ ਰੋਕਾਂ (Reasonable Restrictions) ਲਗਾਈਆਂ ਜਾਂਦੀਆਂ ਹਨ। ਜਾਇਜ ਰੋਕਾਂ ਦੀ ਅਣਹੋਂਦ ਵਿਚ ਵਿਅਕਤੀ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰ ਸਕਦੇ ਹਨ। ਇਸ ਲਈ ਹਰੇਕ ਰਾਜ ਵੱਲੋਂ ਅਧਿਕਾਰਾਂ ਦੇ ਨਾਲ-ਨਾਲ ਉਚਿਤ ਰੋਕਾਂ ਦੀ ਵਿਵਸਥਾ ਕੀਤੀ ਜਾਂਦੀ ਹੈ।

**1.3.4.6 ਅਧਿਕਾਰ ਸਰਵਵਿਆਪੀ ਹੁੰਦੇ ਹਨ (Rights are Universal in Nature) :** ਅਧਿਕਾਰ ਸਭ ਲਈ ਸਮਾਨ ਹੁੰਦੇ ਹਨ। ਜਾਤ, ਧਰਮ, ਰੰਗ, ਲਿੰਗ, ਦੌਲਤ, ਆਦਿ, ਦੇ ਅਧਾਰ 'ਤੇ ਬਿਨਾਂ ਕਿਸੇ ਵਿਤਕਰੇ ਤੋਂ ਹਰ ਇਕ ਨੂੰ ਸਮਾਨ ਰੂਪ ਵਿਚ

ਅਧਿਕਾਰ ਦਿੱਤੇ ਜਾਂਦੇ ਹਨ। ਜਿਹੜਾ ਅਧਿਕਾਰ ਕਿਸੇ ਇਕ ਵਿਅਕਤੀ ਨੂੰ ਪ੍ਰਾਪਤ ਹੁੰਦਾ ਹੈ, ਉਹ ਉਸੇ ਰੂਪ ਵਿਚ ਦੂਸਰੇ ਵਿਅਕਤੀਆਂ ਨੂੰ ਵੀ ਹਾਸਿਲ ਹੁੰਦਾ ਹੈ।

**1.3.4.7 ਅਧਿਕਾਰ ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ (Rights are Liable to Change with Time) :** ਅਧਿਕਾਰ ਸਮਾਜਿਕ-ਆਰਥਿਕ ਵਿਕਾਸ ਦੇ ਪੱਧਰ ਵਿਚ ਪ੍ਰੀਵਰਤਨ ਕਾਰਨ ਘਟਦੇ-ਵਧਦੇ ਰਹਿੰਦੇ ਹਨ। ਸਮਾਜਿਕ ਲੋੜਾਂ ਅਤੇ ਲੋਕਾਂ ਦੇ ਵਤੀਰੇ (Attitude) ਵਿਚ ਪ੍ਰੀਵਰਤਨ ਕਾਰਨ ਅਧਿਕਾਰਾਂ ਵਿਚ ਤਬਦੀਲੀ ਆਉਣਾ ਸੁਭਾਵਿਕ ਹੈ। ਉਦਾਹਰਣ ਵਜੋਂ, ਆਰਥਿਕ ਵਿਕਾਸ ਦੇ ਇਕ ਖਾਸ ਪੱਧਰ ਉਪਰ ਪਹੁੰਚਣ ਨਾਲ ਹੀ ਲੋਕਾਂ ਨੂੰ ਕੰਮ ਦਾ ਅਧਿਕਾਰ ਦਿੱਤਾ ਜਾ ਸਕਦਾ ਹੈ। ਪਿਛਲੇ ਕੁੱਝ ਸਾਲਾਂ ਦੌਰਾਨ ਯੂਰਪ ਦੇ ਕੁਝ ਵਿਕਸਿਤ ਦੇਸ਼ਾਂ ਵਿਚ ਨਾਗਰਿਕਾਂ ਨੂੰ ਸਮ-ਲਿੰਗੀ (Same Sex) ਵਿਆਹ ਕਰਾਉਣ ਦਾ ਕਾਨੂੰਨੀ ਅਧਿਕਾਰ ਦੇ ਦਿੱਤਾ ਗਿਆ ਹੈ।

**1.3.4.8 ਅਧਿਕਾਰ ਅਤੇ ਕਰਤੱਵਾਂ ਦਾ ਡੂੰਘਾ ਸਬੰਧ (Rights and Duties go together):** ਅਧਿਕਾਰ ਅਤੇ ਕਰਤੱਵ ਇਕੋ ਸਿੱਕੇ ਦੇ ਦੋ ਪਾਸੇ ਹਨ। ਇਕ ਵਿਅਕਤੀ ਦਾ ਅਧਿਕਾਰ ਸਮਾਜ ਦੇ ਦੂਸਰੇ ਵਿਅਕਤੀਆਂ ਦਾ ਕਰਤੱਵ ਬਣ ਜਾਂਦਾ ਹੈ। ਵਿਅਕਤੀ ਸਮਾਜ ਤੋਂ ਜੋ ਹਾਸਲ ਕਰਦਾ ਹੈ ਉਸੇ ਹੀ ਰੂਪ ਵਿਚ ਉਹ ਸਮਾਜ ਪ੍ਰਤੀ ਦੇਣਦਾਰ ਵੀ ਹੈ। ਦੂਸਰਿਆਂ ਦੇ ਅਧਿਕਾਰ ਵਿਅਕਤੀ ਦਾ ਕਰਤੱਵ ਬਣ ਜਾਂਦੇ ਹਨ। ਅਰਥਾਤ, *ਮੇਰਾ ਅਧਿਕਾਰ ਦੂਸਰਿਆਂ ਦਾ ਕਰੱਤਵ ਹੈ ਅਤੇ ਦੂਸਰਿਆਂ ਦਾ ਅਧਿਕਾਰ ਮੇਰਾ ਕਰਤੱਵ ਹੈ*। ਉਦਾਹਰਣ ਲਈ, ਮੇਰਾ ਇਹ ਕਰਤੱਵ ਕਿ ਮੈਂ ਦੂਸਰਿਆਂ ਦੀ ਸੁਤੰਤਰਤਾ ਵਿਚ ਦਖਲ ਨਾ ਦੇਵਾਂ ਅਤੇ ਇਹੋ ਮੇ ਰੀ ਸੁਤੰਤਰਤਾ ਦੇ ਅਧਿਕਾਰ ਦਾ ਅਧਾਰ ਹੈ।

**1.3.4.9 ਅਧਿਕਾਰ ਸਮਾਜਿਕ ਭਲਾਈ ਲਈ ਹਨ (Social Welfare Character of Rights) :** ਸਾਰੇ ਅਧਿਕਾਰਾਂ ਦਾ ਅਧਾਰ ਸਮਾਜਿਕ ਭਲਾਈ ਹੈ। ਅਧਿਕਾਰ ਵਿਅਕਤੀ ਦੀਆਂ ਮਹਿਜ਼ ਸਵਾਰਥੀ ਮੰਗਾਂ ਨਹੀਂ ਹਨ। ਅਧਿਕਾਰ ਸਮਾਜ ਦੀ ਦੇ ਣ ਹਨ ਅਤੇ ਵਿਅਕਤੀ ਅਧਿਕਾਰਾਂ ਦੀ ਵਰਤੋਂ ਸਮਾਜਿਕ ਹਿੱਤਾਂ ਦੇ ਅਨੁਸਾਰ ਹੀ ਕਰ ਸਕਦਾ ਹੈ। ਸਮਾਜਿਕ ਅਤੇ ਵਿਅਕਤੀਗਤ ਹਿੱਤਾਂ ਦੀ ਇਕਸੁਰਤਾ ਹੀ ਅਧਿਕਾਰਾਂ ਦਾ ਅਧਾਰ ਹੈ। ਵਿਅਕਤੀ ਸਮਾਜਿਕ ਹਿੱਤਾਂ ਅਤੇ ਨੈਤਿਕਤਾ ਦੇ ਉਲਟ ਕੋਈ ਅਧਿਕਾਰ ਨਹੀਂ ਮਾਣ ਸਕਦਾ।

**ਸਵੈ-ਅਭਿਆਸ ਲਈ ਪ੍ਰਸ਼ਨ-I**

1. ਅਧਿਕਾਰਾਂ ਦੀ ਵਿਅਕਤੀ ਲਈ ਕੀ ਮਹੱਤਤਾ ਹੈ?

   ..........................................................................................................

   ..........................................................................................................

   ..........................................................................................................

2. ਅਧਿਕਾਰ ਕੀ ਹੁੰਦੇ ਹਨ?

   ..........................................................................................................

   ..........................................................................................................

   ..........................................................................................................

3. ਅਧਿਕਾਰਾਂ ਦੇ ਕਿਹੜੇ ਦੋ ਵਿਸ਼ੇਸ਼ ਪੱਖ ਹਨ?

   ..........................................................................................................

   ..........................................................................................................

   ..........................................................................................................

4. ਅਧਿਕਾਰ ਕੇਵਲ ਸਮਾਜ ਅੰਦਰ ਹੀ ਕਿਉਂ ਸੰਭਵ ਹਨ?

   ..........................................................................................................

   ..........................................................................................................

   ..........................................................................................................

5. ਅਧਿਕਾਰਾਂ ਉਪਰ ਰੋਕਾਂ ਕਿਉਂ ਲਗਾਈਆਂ ਜਾਂਦੀਆਂ ਹਨ?

   ..........................................................................................................

..........................................................................................................................

..........................................................................................................................

6. ਅਧਿਕਾਰਾਂ ਦੇ ਸਰਵਵਿਆਪੀ ਹੋਣ ਦਾ ਕੀ ਅਰਥ ਹੈ?

..........................................................................................................................

..........................................................................................................................

..........................................................................................................................

7. ਅਧਿਕਾਰਾਂ ਅਤੇ ਕਰਤੱਵਾਂ ਵਿਚਕਾਰ ਕੀ ਸਬੰਧ ਹੈ?

..........................................................................................................................

..........................................................................................................................

..........................................................................................................................

### 1.3.5 ਅਧਿਕਾਰਾਂ ਦੀਆਂ ਕਿਸਮਾਂ (Knds of Rights)

ਅਧਿਕਾਰ ਵਿਭਿੰਨ ਕਿਸਮਾਂ ਦੇ ਹਨ ਅਤੇ ਦੋ ਅਧਾਰਾਂ ਤੇ ਉਨ੍ਹਾਂ ਦਾ ਵਰਗੀਕਰਨ ਕੀਤਾ ਜਾਂਦਾ ਹੈ। ਪਹਿਲਾ, ਜੀਵਨ ਦੇ ਵੱਖ-ਵੱਖ ਪਹਿਲੂਆਂ ਨਾਲ ਉਨ੍ਹਾਂ ਦੀ ਸਬੰਧਤਾ ਪੱਖੋਂ ਜਿਵੇਂ, ਆਰਥਿਕ, ਸਮਾਜਿਕ, ਨੈਤਿਕ, ਰਾਜਨੀਤਕ, ਸ਼ਹਿਰੀ ਜਾਂ ਨਾਗਰਿਕ, ਆਦਿ, ਅਤੇ ਦੂਸਰਾ ਉਨ੍ਹਾਂ ਦੇ ਸ੍ਰੋਤ ਪੱਖੋਂ, ਜਿਵੇਂ — ਕੁਦਰਤੀ, ਸੰਵਿਧਾਨਕ ਜਾਂ ਮੌਲਿਕ, ਕਾਨੂੰਨੀ, ਆਦਿ। ਅਧਿਕਾਰਾਂ ਦੀਆਂ ਵੱਖ-ਵੱਖ ਕਿਸਮਾਂ ਦੀ ਸੰਖੇਪ ਵਿਆਖਿਆ ਹੇਠ ਲਿਖੇ ਅਨੁਸਾਰ ਹੈ:-

**1.3.5.1 ਕੁਦਰਤੀ ਅਧਿਕਾਰ (Natrual Rights):** ਕੁਦਰਤੀ ਅਧਿਕਾਰਾਂ ਤੋਂ ਭਾਵ ਅਜਿਹੇ ਅਧਿਕਾਰਾਂ ਤੋਂ ਹੈ ਜੋ ਸਮਾਜ ਅਤੇ ਰਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਕੁਦਰਤੀ ਅਵਸਥਾ ਵਿਚ ਮਨੁੱਖਾਂ ਨੂੰ ਹਾਸਿਲ ਸਨ। ਲਾਕ ਅਨੁਸਾਰ ਜੀਵਨ, ਸੁਤੰਤਰਤਾ ਅਤੇ ਸੰਪਤੀ ਦੇ ਕੁਦਰਤੀ ਅਧਿਕਾਰ ਰਾਜ ਦੀ ਉਤਪਤੀ ਤੋਂ ਪਹਿਲਾਂ ਵਿਅਕਤੀਆਂ ਨੂੰ ਪ੍ਰਾਪਤ ਸਨ। ਰਾਜ ਨੇ ਇਹ ਅਧਿਕਾਰ ਪੈਦਾ ਨਹੀਂ ਕੀਤੇ। ਰਾਜ ਕੇਵਲ ਇਹਨਾਂ ਦੀ ਰਾਖੀ ਕਰਦਾ ਹੈ।

**3.5.2 ਨੈਤਿਕ ਅਧਿਕਾਰ (Moral Rights) :** ਅਜਿਹੇ ਅਧਿਕਾਰਾਂ ਨੂੰ ਨੈਤਿਕ ਅਧਿਕਾਰ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਮਾਨਤਾ ਦਾ ਅਧਾਰ ਕੋਈ ਕਾਨੂੰਨੀ ਸ਼ਕਤੀ ਨਹੀਂ ਬਲਕਿ ਸਮਾਜਿਕ ਨੈਤਿਕਤਾ ਹੁੰਦੀ ਹੈ। ਕਾਨੂੰਨ ਦੁਆਰਾ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਮਾਂ-ਬਾਪ ਦਾ ਆਪਣੇ ਬੱਚਿਆਂ ਕੋਲੋਂ ਅਤੇ ਅਧਿਆਪਕ ਦਾ ਆਪਣੇ ਵਿਦਿਆਰਥੀਆਂ ਕੋਲੋਂ ਸਤਿਕਾਰ ਹਾਸਿਲ ਕਰਨਾ ਕੇਵਲ ਇਕ ਨੈਤਿਕ ਅਧਿਕਾਰ ਹੈ। ਜਦੋਂ ਕਿਸੇ ਨੈਤਿਕ ਦਾਅਵੇ ਨੂੰ ਸ਼ਕਤੀਸ਼ਾਲੀ ਲੋਕ ਮੱਤ ਹਾਸਿਲ ਹੋ ਜਾਂਦਾ ਹੈ ਤਾਂ ਇਸਨੂੰ ਕਾਨੂੰਨੀ ਗਰੰਟੀ ਦੇ ਦਿੱਤੀ ਜਾਂਦੀ ਹੈ ਅਤੇ ਅਜਿਹਾ ਨੈਤਿਕ ਦਾਅਵਾ ਜਾਂ ਅਧਿਕਾਰ ਕਾਨੂੰਨੀ ਅਧਿਕਾਰ ਵਿਚ ਬਦਲ ਜਾਂਦਾ ਹੈ। ਹਾਲ ਹੀ ਵਿਚ ਭਾਰਤੀ ਸੰਸਦ ਦੁਆਰਾ ਵਡੇਰੀ ਉਮਰ ਵਿਚ ਬੱਚਿਆਂ ਕੋਲੋਂ ਆਪਣੀ ਆਰਥਿਕ ਸੁਰੱਖਿਆ ਨੂੰ ਮਾਂ-ਬਾਪ ਦਾ ਕਾਨੂੰਨੀ ਅਧਿਕਾਰ ਬਣਾ ਦਿੱਤਾ ਗਿਆ ਹੈ।

**1.3.5.3 ਮੌਲਿਕ ਜਾਂ ਸੰਵਿਧਾਨਿਕ ਅਧਿਕਾਰ (Fundamental or Constitutional Rights):** ਮੌਲਿਕ ਅਧਿਕਾਰ ਉਨ੍ਹਾਂ ਅਧਿਕਾਰਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਮਨੁੱਖ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹੋਣ ਕਾਰਨ ਸੰਵਿਧਾਨ ਵਿਚ ਦਰਜ਼ ਕੀਤਾ ਜਾਂਦਾ ਹੈ। ਆਪਣੇ-ਆਪ ਵਿਚ ਇਹ ਅਧਿਕਾਰਾਂ ਦੀ ਕੋਈ ਵੱਖਰੀ ਕਿਸਮ ਨਹੀਂ ਬਲਕਿ ਇਹ ਉਹੀ ਰਾਜਨੀਤਕ, ਆਰਥਿਕ, ਨਾਗਰਿਕ, ਕੁਦਰਤੀ, ਰਾਜਨੀਤਕ ਅਧਿਕਾਰ ਹੁੰਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਦੀ ਬੁਨਿਆਦੀ ਮਹੱਤਤਾ ਕਾਰਨ ਸੰਵਿਧਾਨਕ ਮਾਨਤਾ ਪ੍ਰਾਪਤ ਹੁੰਦੀ ਹੈ। ਇਹਨਾਂ ਦੀ ਉਲੰਘਣਾ ਦੀ ਹਾਲਤ ਵਿਚ ਵਿਅਕਤੀ ਅਦਾਲਤ ਵਿਚ ਜਾ ਸਕਦਾ ਹੈ। ਭਾਰਤ ਸਮੇਤ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਨੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਨੂੰ ਆਪੋ-ਆਪਣੇ ਸੰਵਿਧਾਨਾਂ ਵਿਚ ਸ਼ਾਮਿਲ ਕੀਤਾ ਹੈ।

**1.3.5.4 ਕਾਨੂੰਨੀ ਅਧਿਕਾਰ (Legal Rights) :** ਕਾਨੂੰਨੀ ਅਧਿਕਾਰ ਉਹ ਅਧਿਕਾਰ ਹਨ ਜਿਨ੍ਹਾਂ ਨੂੰ ਰਾਜ ਦੁਆਰਾ ਮਾਨਤਾ ਪ੍ਰਾਪਤ ਹੈ ਅਤੇ ਅਦਾਲਤਾਂ ਦੁਆਰਾ ਰਾਖੀ ਕੀਤੀ ਜਾਂਦੀ ਹੈ। ਮੌਲਿਕ ਜਾਂ ਸੰਵਿਧਾਨਿਕ ਅਧਿਕਾਰ ਵੀ ਕਾਨੂੰਨੀ ਹਨ, ਪ੍ਰੰਤੂ, ਕਾਨੂੰਨੀ ਅਧਿਕਾਰ ਦਾ ਉਨ੍ਹਾਂ ਨਾਲੋਂ ਕੇਵਲ ਇਹ ਅੰਤਰ ਹੈ ਕਿ ਕਿਸੇ ਕਾਨੂੰਨੀ ਅਧਿਕਾਰ ਨੂੰ ਸੰਵਿਧਾਨ ਰਾਹੀਂ ਨਹੀਂ ਸਗੋਂ ਉਸਦੀ ਵਿਵਸਥਾ ਦੇਸ਼ ਦੀ ਜਾਂ ਇਸਦੇ ਰਾਜਾਂ ਦੀ ਵਿਧਾਨਪਾਲਿਕਾ ਦੁਆਰਾ ਸਾਧਾਰਨ ਕਾਨੂੰਨ ਰਾਹੀਂ ਕੀਤੀ ਜਾਂਦੀ ਹੈ। ਉਦਾਹਰਣ ਵਜੋਂ, ਸੰਵਿਧਾਨਿਕ ਸੋਧ ਦੁਆਰਾ ਸੰਪਤੀ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਵਜੋਂ ਭਾਰਤੀ ਸੰਵਿਧਾਨ ਵਿਚੋਂ ਹਟਾ ਦਿੱਤਾ ਗਿਆ ਸੀ ਅਤੇ

ਇਸਨੂੰ ਕੇਵਲ ਇਕ ਕਾਨੂੰਨੀ ਅਧਿਕਾਰ ਵਿਚ ਬਦਲ ਦਿੱਤਾ ਗਿਆ ਸੀ।

**1.3.5.5 ਨਾਗਰਿਕ (ਜਾਂ ਸਮਾਜਿਕ) ਅਧਿਕਾਰ (Civil or Social Rights) :** ਨਾਗਰਿਕ ਜਾਂ ਸਮਾਜਿਕ ਅਧਿਕਾਰ ਉਹ ਬੁਨਿਆਦੀ ਸਹੂਲਤਾਂ ਹਨ ਜਿਨ੍ਹਾਂ ਦੀ ਅਣਹੋਂਦ ਵਿਚ ਵਿਅਕਤੀ ਚੰਗਾ, ਸਵਸਥ ਤੇ ਸਭਿਆ ਜੀਵਨ ਨਹੀਂ ਜਿਉਂ ਸਕਦਾ। ਸੰਵਿਧਾਨ ਜਾਂ ਰਾਜ ਦੇ ਹੋਰਨਾਂ ਕਾਨੂੰਨਾਂ ਦੁਆਰਾ ਅਨੇਕਾਂ ਨਾਗਰਿਕ ਅਧਿਕਾਰਾਂ ਦੀ ਵਿਵਸਥਾ ਕੀਤੀ ਜਾਂਦੀ ਹੈ ਜਿਨ੍ਹਾਂ ਚੋਂ ਕੁੱਝ ਮਹੱਤਵਪੂਰਨ ਅਧਿਕਾਰਾਂ ਦੀ ਚਰਚਾ ਹੇਠ ਲਿਖੇ ਅਨੁਸਾਰ ਹੈ:

**(i) ਜੀਵਨ ਦਾ ਅਧਿਕਾਰ (Right to Life) :** ਜੀਵਨ ਦਾ ਅਧਿਕਾਰ ਵਿਅਕਤੀ ਦਾ ਬੁਨਿਆਦੀ ਤੇ ਮੁੱਢਲਾ ਅਧਿਕਾਰ ਹੈ। ਵਿਅਕਤੀ ਦੇ ਜੀਵਨ ਦੀ ਸੁਰੱਖਿਆ ਰਾਜ ਦਾ ਮੁੱਢਲਾ ਕਰਤੱਵ ਹੈ। ਲਾਸਕੀ ਅਨੁਸਾਰ ਜੇਕਰ ਮਨੁੱਖ ਨੂੰ ਜੀਵਨ ਦਾ ਅਧਿਕਾਰ ਪ੍ਰਾਪਤ ਨਹੀਂ ਹੋਵੇਗਾ ਤਾਂ ਉਹ ਆਪਣਾ ਸਾਰਾ ਜੀਵਨ ਇਸਦੀ ਸੁਰੱਖਿਆ ਲਈ ਚਿੰਤਾ ਵਿਚ ਲੰਘਾ ਦੇਵੇਗਾ। ਇਸ ਵਿਚ ਸਵੈ-ਰੱਖਿਆ (Self-Defence) ਦਾ ਅਧਿਕਾਰ ਵੀ ਸ਼ਾਮਿਲ ਹੈ ਅਰਥਾਤ ਰਾਜ ਸਵੈ-ਰੱਖਿਆ ਲਈ ਕੀਤੇ ਅਪਰਾਧ ਦੀ ਸਜ਼ਾ ਨਹੀਂ ਦਿੰਦਾ। ਵਿਅਕਤੀ ਦਾ ਜੀਵਨ ਕੇਵਲ ਆਪਣੇ ਲਈ ਨਹੀਂ ਬਲਕਿ ਸਮਾਜ ਲਈ ਵੀ ਹੈ। ਇਸ ਲਈ ਰਾਜ ਆਤਮ-ਹੱਤਿਆ ਦਾ ਅਧਿਕਾਰ ਨਹੀਂ ਦਿੰਦਾ। ਜੀਵਨ ਦਾ ਅਧਿਕਾਰ ਵੀ ਨਿਰੰਕੁਸ਼ ਨਹੀਂ। ਘੋਰ ਅਪਰਾਧ ਕਰਨ ਵਾਲੇ ਵਿਅਕਤੀ ਤੋਂ ਰਾਜ ਇਹ ਅਧਿਕਾਰ ਖੋਹ ਲੈਂਦਾ ਹੈ ਅਤੇ ਉਸਨੂੰ ਮੌਤ ਦੀ ਸਜ਼ਾ ਦੇ ਦਿੰਦਾ ਹੈ।

**(ii) ਪਰਿਵਾਰ ਦਾ ਅਧਿਕਾਰ (Right to Family) :** ਪਰਿਵਾਰ ਬੁਨਿਆਦੀ ਸਮਾਜਿਕ ਇਕਾਈ ਹੈ ਅਤੇ ਸਮਾਜ ਨੂੰ ਅੱਗੇ ਵਧਾਉਣ ਦਾ ਅਤੇ ਨਾਗਰਿਕ ਜੀਵਨ ਲਈ ਜ਼ਰੂਰੀ ਸਿੱਖਿਆ ਦਾ ਮੁੱਢਲਾ ਸਕੂਲ ਹੈ। ਰਾਜ ਦੁਆਰਾ ਹਰੇਕ ਵਿਅਕਤੀ ਨੂੰ ਪਰਿਵਾਰ ਦਾ ਅਧਿਕਾਰ ਦਿੱਤਾ ਗਿਆ ਹੈ। ਵਿਅਕਤੀ ਆਪਣੀ ਇੱਛਾ ਅਨੁਸਾਰ ਵਿਆਹ ਕਰਵਾ ਸਕਦਾ ਹੈ, ਬੱਚੇ ਪੈਦਾ ਕਰਾ ਸਕਦਾ ਹੈ, ਤਲਾਕ ਲੈ ਸਕਦਾ ਹੈ ਅਤੇ ਵਿਰਸੇ ਵਿਚ ਸੰਪਤੀ ਹਾਸਿਲ ਕਰ ਸਕਦਾ ਹੈ। ਪਰਿਵਾਰਿਕ ਜੀਵਨ ਨੂੰ ਸੁਚਾਰੂ ਰੂਪ ਵਿਚ ਨਿਯੰਤਰਿਤ ਕਰਨ ਲਈ ਰਾਜ ਵੱਲੋਂ ਅਨੇਕਾਂ ਕਾਨੂੰਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ।

**(iii) ਧਰਮ ਦਾ ਅਧਿਕਾਰ (Right to Religion) :** ਹਰੇਕ ਧਰਮ ਨਿਰਪੱਖ (Secular) ਰਾਜ ਵਿਚ ਵਿਅਕਤੀ ਨੂੰ ਕਿਸੇ ਵੀ ਧਰਮ ਵਿਚ ਵਿਸ਼ਵਾਸ ਰੱਖਣ ਅਤੇ ਉਸਦਾ ਪ੍ਰਚਾਰ ਕਰਨ ਦੀ ਸੁਤੰਤਰਤਾ ਹਾਸਿਲ ਹੈ। ਰਾਜ ਧਰਮ ਦੇ ਮਾਮਲਿਆਂ ਵਿਚ ਦਖਲ ਨਹੀਂ ਦਿੰਦਾ ਤੇ ਇਸ ਨੂੰ ਵਿਅਕਤੀ ਦਾ ਨਿੱਜੀ ਮਾਮਲਾ ਸਮਝਿਆ ਜਾਂਦਾ ਹੈ। ਪ੍ਰੰਤੂ, ਕਿਸੇ ਧਾਰਮਿਕ ਵਿਸ਼ਵਾਸ ਦੀ ਆੜ ਵਿਚ ਵਿਅਕਤੀ ਨੂੰ ਰਾਜ ਦੇ ਕਾਨੂੰਨ ਦੀ ਉਲੰਘਣਾ ਕਰਨ ਦਾ ਅਧਿਕਾਰ ਨਹੀਂ ਦਿੱਤਾ ਜਾਂਦਾ।

**(iv) ਸਮਾਨਤਾ ਦਾ ਅਧਿਕਾਰ (Right to Equality) :** ਇਸਦਾ ਅਰਥ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿਚ ਸਾਰੇ ਨਾਗਰਿਕ ਸਮਾਨ ਹਨ। ਰਾਜ ਦੁਆਰਾ ਕਿਸੇ ਨਾਲ ਨਸਲ, ਜਾਤ, ਧਰਮ, ਭਾਸ਼ਾ, ਖੇਤਰ, ਰੰਗ, ਲਿੰਗ, ਧਨ, ਆਦਿ, ਦੇ ਅਧਾਰ 'ਤੇ ਵਿਤਕਰਾ ਨਹੀਂ ਕੀਤਾ ਜਾਂਦਾ। ਸਭਨਾਂ ਨਾਗਰਿਕਾਂ ਨੂੰ ਸਮਾਨ ਅਵਸਰ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਸਭਨਾਂ ਦੀ ਸਮਾਨ ਰੂਪ ਵਿਚ ਸੁਰੱਖਿਆ ਕੀਤੀ ਜਾਂਦੀ ਹੈ। ਪ੍ਰੰਤੂ ਪਛੜੇ ਵਰਗਾਂ, ਘੱਟ ਗਿਣਤੀਆਂ, ਔਰਤਾਂ, ਆਦਿ, ਦੇ ਸੰਬਧ ਵਿਚ ਰਾਜ ਨੂੰ ਵਿਸ਼ੇਸ਼ ਕਾਨੂੰਨ ਬਣਾਉਣ ਤੋਂ ਇਹ ਅਧਿਕਾਰ ਰੋਕਦਾ ਨਹੀਂ।

**(v) ਸਿੱਖਿਆ ਦਾ ਅਧਿਕਾਰ (Right to Education) :** ਲੋਕਤੰਤਰ ਦੀ ਸਫਲਤਾ ਲਈ ਨਾਗਰਿਕਾਂ ਦਾ ਪੜ੍ਹੇ -ਲਿਖੇ ਅਤੇ ਜਾਗਰਿਤ ਹੋਣਾ ਮੁੱਢਲੀ ਸ਼ਰਤ ਹੈ। ਇਸ ਲਈ ਰਾਜ ਦੁਆਰਾ ਨਾਗਿਰਕਾਂ ਨੂੰ ਸਿੱਖਿਆ ਦਾ ਅਧਿਕਾਰ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਸਬੰਧੀ ਬਹੁਤ ਸਾਰੇ ਯਤਨ ਕੀਤੇ ਜਾਂਦੇ ਹਨ। ਮਸਲਨ, ਇਕ ਖਾਸ ਉਮਰ ਤੱਕ ਸਭਨਾਂ ਲਈ ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਪ੍ਰਬੰਧ, ਖਾਸ ਵਰਗ ਦੇ ਬੱਚਿਆਂ ਲਈ ਵਜ਼ੀਫੇ ਅਤੇ ਸਕੂਲਾਂ ਵਿਚ ਦੁਪਹਿਰ ਦੇ ਖਾਣੇ, ਆਦਿ, ਦੀ ਵਿਵਸਥਾ ਕੀਤੀ ਜਾਂਦੀ ਹੈ। ਪਲੈਟੋ ਅਤੇ ਅਰਸਤੂ ਅਨੁਸਾਰ ਰਾਜ ਦੁਆਰਾ ਇਕ ਸੁਚੱਜੀ ਸਿੱਖਿਆ ਪ੍ਰਣਾਲੀ ਦੁਆਰਾ ਹੀ ਕੋਈ ਰਾਜ ਆਪਣਾ ਸਰਵਪੱਖੀ ਵਿਕਾਸ ਕਰ ਸਕਦਾ ਹੈ ਅਤੇ ਇਸਦੇ ਨਾਗਰਿਕ ਖੁਸ਼ਹਾਲ ਜੀਵਨ ਬਤੀਤ ਕਰ ਸਕਦੇ ਹਨ।

**(vi) ਸਮਝੌਤੇ ਕਰਨ ਦਾ ਅਧਿਕਾਰ (Right to Contract) :** ਇਸ ਅਧਿਕਾਰ ਦੇ ਅਧਾਰ 'ਤੇ ਵਿਅਕਤੀ ਆਪਣੀ ਇੱਛਾ ਅਨੁਸਾਰ ਹੋਰਨਾਂ ਨਾਲ ਸਮਝੌਤੇ ਕਰ ਸਕਦਾ ਹੈ। ਸਮਝੌਤਾ ਆਧੁਨਿਕ ਸੁਤੰਤਰ ਰਾਜਾਂ ਦਾ ਅਧਾਰ ਹੈ। ਇਹ ਸੰਪਤੀ ਨਾਲ ਸਬੰਧਿਤ ਹੋਰਨਾਂ ਆਮ ਅਧਿਕਾਰਾਂ ਦੀ ਮੁਢਲੀ ਅਵਸਥਾ ਹੈ। ਉਦਾਹਰਣ ਵਜੋਂ ਜ਼ਿੰਮੀਂਦਾਰ ਅਤੇ ਖੇਤੀ ਮਜ਼ਦੂਰ ਤੇ ਕਾਸ਼ਤਕਾਰ, ਉਦਯੋਗਪਤੀ ਅਤੇ ਮਜ਼ਦੂਰ, ਕਰਜ਼ਦਾਰ ਤੇ ਸਾਂਝਾ ਕਾਰੋਬਾਰ ਕਰਨ ਵਾਲੇ ਆਪਸ ਵਿਚ ਸਮਝੌਤਾ ਕਰਦੇ ਹਨ ਅਤੇ ਰਾਜ ਅਜਿਹੇ ਸਮਝੌਤਿਆਂ ਦੀ ਰਾਖੀ ਕਰਦਾ ਹੈ। ਪ੍ਰੰਤੂ, ਜਨਤਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਸਮਝੌਤਿਆਂ ਉਪਰ ਰਾਜ ਨੂੰ ਪਾਬੰਦੀ ਲਗਾਉਣ ਦਾ ਅਧਿਕਾਰ ਹੈ। ਮਨੁੱਖਾਂ ਤੋਂ ਵਗਾਰ ਕਰਾਉਣ, 14 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਤੋਂ ਕੰਮ ਲੈਣ

ਜਾਂ ਹਾਨੀਕਾਰਕ ਥਾਵਾਂ 'ਤੇ ਨੌਕਰੀ ਲਗਾਉਣ ਜਾਂ ਮਨੁੱਖਾਂ ਦਾ ਵਪਾਰ ਕਰਨ, ਆਦਿ, ਦੇ ਸਮਝੌਤੇ ਕਰਨ ਉਪਰ ਪਾਬੰਦੀ ਹੈ।

**(vii) ਸੁਤੰਤਰਤਾ ਦਾ ਅਧਿਕਾਰ (Rights to Liberty) :** ਵਿਅਕਤੀ ਦੀ ਸਖਸ਼ੀਅਤ ਦੇ ਸਰਵ-ਪੱਖੀ ਵਿਕਾਸ ਲਈ ਵਿਅਕਤੀ ਨੂੰ ਸੁਤੰਤਰਤਾ ਦਾ ਅਧਿਕਾਰ ਦੇਣਾ ਜ਼ਰੂਰੀ ਹੈ। ਸੁਤੰਤਰ ਵਾਤਾਵਰਣ ਵਿਚ ਹੀ ਮਨੁੱਖ ਦਾ ਸੰਪੂਰਨ ਸਰੀਰਕ ਅਤੇ ਮਾਨਸਿਕ ਵਿਕਾਸ ਸੰਭਵ ਹੈ। ਮਿਲ ਅਨੁਸਾਰ ਪਾਬੰਦੀਆਂ ਦੀ ਅਣਹੋਂਦ ਦਾ ਅਰਥ ਸੁਤੰਤਰਤਾ ਹੈ। ਲਾਸਕੀ ਅਨੁਸਾਰ ਇਸਦਾ ਅਰਥ ਉਸ ਸਮਰੱਥਾ ਦੇ ਵਿਕਾਸ ਤੋਂ ਹੈ ਜਿਸ ਰਾਹੀਂ ਵਿਅਕਤੀ ਆਪਣੀ ਇੱਛਾ ਅਨੁਸਾਰ ਤੇ ਆਪਣੇ ਢੰਗ ਨਾਲ ਬਿਨਾਂ ਕਿਸੇ ਬਾਹਰੀ ਦਖਲ-ਅੰਦਾਜੀ ਦੇ ਆਪਣੇ ਜੀਵਨ ਦਾ ਵਿਕਾਸ ਕਰ ਸਕੇ। ਪਰ ਵਿਅਕਤੀ ਨੂੰ ਨਿਰੰਕੁਸ਼ ਸੁਤੰਤਰਤਾ ਦਾ ਅਧਿਕਾਰ ਪ੍ਰਾਪਤ ਨਹੀਂ।

**(viii) ਵਿਚਾਰ ਰੱਖਣ ਅਤੇ ਪ੍ਰਗਟਾਉਣ ਦਾ ਅਧਿਕਾਰ (Right to Freedom of Thought and Expression) :** ਵਿਚਾਰ ਰੱਖਣ ਅਤੇ ਇਹਨਾਂ ਦੇ ਪ੍ਰਗਟਾਵੇ ਦੀ ਸੁਤੰਤਰਤਾ ਦਾ ਹੋਣਾ ਵਿਕਸਿਤ ਸਭਿਆ ਸਮਾਜ ਦੀ ਨਿਸ਼ਾਨੀ ਹੈ। ਵਿਭਿੰਨਤਾ (Diversity) ਸਮਾਜਿਕ ਵਿਕਾਸ ਵਿਚ ਸਹਾਇਤਾ ਕਰਦੀ ਹੈ। ਇਸ ਲਈ ਰਾਜ ਦੁਆਰਾ ਵਿਅਕਤੀਆਂ ਨੂੰ ਵੱਖਰੇ ਵਿਚਾਰ ਰੱਖਣ ਅਤੇ ਉਨ੍ਹਾਂ ਦੇ ਪ੍ਰਗਟਾਵੇ ਉਪਰ ਰੋਕਾਂ ਨਹੀਂ ਲਗਾਉਣੀਆਂ ਚਾਹੀਦੀਆਂ। ਮੈਕਾਈਵਰ ਅਨੁਸਾਰ ਰਾਜ ਨੂੰ ਵਿਚਾਰਾਂ ਨੂੰ ਦਬਾਉਣ ਲਈ ਸ਼ਕਤੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਵਿਚਾਰਾਂ ਦਾ ਵਿਚਾਰਾਂ ਦੁਆਰਾ ਹੀ ਟਾਕਰਾ ਕਰਨਾ ਚਾਹੀਦਾ ਹੈ। ਵਿਚਾਰਾਂ ਦੇ ਪ੍ਰਗਟਾਵੇ ਦੇ ਸਾਧਨਾਂ — ਅਖਬਾਰ, ਟੈਲੀਵੀਯਨ, ਪ੍ਰੈਸ ਆਦਿ ਦੀ ਸੁਤੰਤਰਤਾ ਦਾ ਹੋਣਾ ਜਰੂਰੀ ਹੈ। ਪ੍ਰੰਤੂ, ਇਹ ਸੁਤੰਤਰਤਾ ਨਿਰੰਕੁਸ਼ ਨਹੀਂ ਹੋ ਸਕਦੀ। ਉਦਾਹਰਣ ਵਜੋਂ, ਰਾਜ ਸਮਾਜਿਕ ਨਫਤਰ ਤੇ ਹਿੰਸਾ, ਰਾਜ-ਧ੍ਰੋਹ ਜਾਂ ਦੂਸਰਿਆਂ ਦੀ ਮਾਨਹਾਨੀ ਕਰਨ ਦੀ ਸੁਤੰਤਰਤਾ ਨਹੀਂ ਦੇ ਸਕਦਾ।

**(ix) ਸੁਤੰਤਰ ਘੁੰਮਣ-ਫਿਰਨ ਦਾ ਅਧਿਕਾਰ (Right to Free Movement ):** ਆਨੰਦਮਈ ਜੀਵਨ ਜਿਉਣ ਲਈ ਵਿਅਕਤੀ ਨੂੰ ਦੇਸ਼-ਵਿਦੇਸ਼ ਅੰਦਰ ਸੁਤੰਤਰਤਾਪੂਰਬਕ ਘੁੰਮਣ-ਫਿਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ। ਇਹ ਵਿਅਕਤੀਗਤ ਵਿਕਾਸ ਤੇ ਸਿੱਟੇ ਵਜੋਂ ਸਮਾਜਿਕ ਵਿਕਾਸ ਵਿਚ ਸਹਾਈ ਹੁੰਦਾ ਹੈ। ਘੁੰਮਣ-ਫਿਰਨ ਰਾਹੀਂ ਵਿਅਕਤੀ ਜੀਵਨ ਦੀ ਵਿਲੱਖਣਤਾ ਤੋਂ ਜਾਣੂ ਹੁੰਦਾ ਹੈ। ਉਸ ਅੰਦਰ ਜੀਵਨ ਨੂੰ ਹੋਰ ਬਹੇਤਰ ਢੰਗ ਨਾਲ ਜਿਉਣ ਦੀ ਉਮੰਗ ਪੈਦਾ ਹੁੰਦਾ ਹੈ। ਇਸ ਲਈ ਰਾਜ ਲਈ ਸੁਰੱਖਿਆ ਪੱਖੋਂ ਜ਼ਰੂਰੀ ਥਾਵਾਂ ਨੂੰ ਛੱਡਕੇ ਨਾਗਰਿਕਾਂ ਨੂੰ ਘੁੰਮਣ-ਫਿਰਨ ਦੀ ਆਜ਼ਾਦੀ ਹੋਣੀ ਚਾਹਦੀ ਹੈ।

**(x) ਸੰਘ ਬਣਾਉਣ ਦਾ ਅਧਿਕਾਰ (Right to Form Associations) :** ਵਿਅਕਤੀਆਂ ਨੂੰ ਆਪਣੇ ਅਤੇ ਸਮਾਜਿਕ ਹਿੱਤਾਂ ਲਈ ਸਮੂਹਿਕ ਯਤਨ ਕਰਨ ਦੀ ਜਰੂਰਤ ਹੁੰਦੀ ਹੈ। ਇਸਦੇ ਲਈ ਉਨ੍ਹਾਂ ਨੂੰ ਸੰਘ ਬਣਾਉਣ ਦੀ ਸੁਤੰਤਰਤਾ ਦਾ ਹੋਣਾ ਜਰੂਰੀ ਹੈ। ਜੀਵਨ ਦੇ ਹਰੇਕ ਖੇਤਰ — ਸਮਾਜਿਕ, ਰਾਜਨੀਤਕ, ਸਭਿਆਚਾਰਕ, ਆਰਥਿਕ — ਵਿਚ ਅਨੇ ਕਾਂ ਸੰਘ ਸਰਗਰਮ ਹੁੰਦੇ ਹਨ। ਰਾਜ ਨੂੰ ਕੇਵਲ ਉਨ੍ਹਾਂ ਸੰਘਾਂ ਦੀ ਸੁਤੰਤਰਤਾ ਖਤਮ ਕਰਨ ਦਾ ਅਧਿਕਾਰ ਹੈ ਜੋ ਸੰਘ ਸਮਾਜ ਜਾਂ ਰਾਜ ਵਿਚ ਹਿੰਸਾ ਅਤੇ ਅਸ਼ਾਂਤੀ ਫੈਲਾਉਣ ਜਾਂ ਰਾਸ਼ਟਰੀ ਹਿਤਾਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਰਵਾਈਆਂ ਕਰਦੇ ਹਨ।

### 1.3.5.6 ਆਰਥਿਕ ਅਧਿਕਾਰ (Economic Rights)

ਆਰਥਿਕ ਅਧਿਕਾਰ ਉਹ ਅਧਿਕਾਰ ਹਨ ਜਿਨ੍ਹਾਂ ਰਾਹੀਂ ਮਨੁੱਖ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਆਰਥਿਕ ਸੁਰੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਵੱਖ-ਵੱਖ ਦੇਸ਼ਾਂ ਵਿਚ ਨਾਗਰਿਕਾਂ ਨੂੰ ਵੱਖ-ਵੱਖ ਆਰਥਿਕ ਅਧਿਕਾਰ ਦਿੱਤੇ ਜਾਂਦੇ ਹਨ, ਜਿਨ੍ਹਾਂ 'ਚੋਂ ਕੁੱਝ ਮਹੱਤਵਪੂਰਨ ਅਧਿਕਾਰਾਂ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਹੈ—

**(i) ਸੰਪਤੀ ਦਾ ਅਧਿਕਾਰ (Right to Propety) :** ਅਰਸਤੂ ਦੇ ਸਮਿਆਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਵਿਚਾਰਕਾਂ ਲਈ ਸੰਪਤੀ ਦਾ ਅਧਿਕਾਰ ਗੰਭੀਰ ਬਹਿਸ ਦਾ ਵਿਸ਼ਾ ਰਿਹਾ ਹੈ। ਅਰਸਤੂ ਅਤੇ ਬਹੁਤ ਸਾਰੇ ਉਦਾਰਵਾਦੀ ਵਿਚਾਰਕਾਂ ਨੇ ਸੰਪਤੀ ਨੂੰ ਮਨੁੱਖ ਦੇ ਕੁਦਰਤੀ ਅਧਿਕਾਰ ਵਜੋਂ ਮੰਨਕੇ ਇਸਦਾ ਸਮਰਥਨ ਕੀਤਾ ਹੈ ਜਦ ਕਿ ਪੁਰਾਤਨ ਮਾਰਕਸਵਾਦੀ ਨਿੱਜੀ ਸੰਪਤੀ ਨੂੰ ਸਭਨਾਂ ਝਗੜਿਆਂ ਅਤੇ ਲੁੱਟ-ਖਸੁੱਟ ਦਾ ਕਾਰਨ ਦੱਸਦੇ ਹੋਏ ਇਸਦਾ ਖਾਤਮਾ ਲੋਚਦੇ ਹਨ। ਸੰਪਤੀ ਮਨੁੱਖ ਦੀ ਸਖਸ਼ੀਅਤ ਦਾ ਪਸਾਰ (Extension) ਹੈ; ਵਿਕਾਸ ਦਾ ਅਧਾਰ ਹੈ; ਸੰਪਤੀ ਦੀ ਨਿੱਜੀ ਮਾਲਕੀ ਕੰਮ ਕਰਨ ਦਾ ਉਤਸ਼ਾਹ ਵਧਾਉਂਦੀ ਹੈ। ਮਨੁੱਖ ਨੂੰ ਆਪਣੀ ਮਿਹਨਤ ਦਾ ਫਲ ਮਾਨਣ ਦਾ ਪੂਰਨ ਅਧਿਕਾਰ ਹੈ। ਚੀਨ ਤੇ ਕਿਊਬਾ ਵਰਗੇ ਇਕ-ਦੋ ਕਮਿਊਨਿਸਟ ਦੇਸ਼ਾਂ ਨੂੰ ਛੱਡਕੇ ਤਕਰੀਬਨ ਸਾਰੇ ਦੇਸ਼ਾਂ ਵਿਚ ਨਾਗਰਿਕਾਂ ਨੂੰ ਸੰਪਤੀ ਦਾ ਅਧਿਕਾਰ ਪ੍ਰਾਪਤ ਹੈ। ਮਨੁੱਖ ਆਪਣੀ ਵਿਚ ਸੰਪਤੀ ਵਾਧਾ ਕਰ ਸਕਦਾ ਹੈ, ਵੇਚ-ਖਰੀਦ ਸਕਦਾ ਹੈ ਅਤੇ ਚਾਹੇ ਤਾਂ ਦਾਨ ਕਰ ਸਕਦਾ ਹੈ। ਪਰ ਸੰਪਤੀ ਦਾ ਅਧਿਕਾਰ ਨਿਰੰਕੁਸ਼ ਨਹੀਂ। ਲੋਕਤੰਤਰੀ ਦੇਸ਼ਾਂ ਵਿਚ ਵੀ ਸਮਾਜਿਕ ਤੇ ਸਾਂਝੇ ਹਿੱਤਾਂ ਨੂੰ ਸਾਹਮਣੇ ਰਖਦੇ ਹੋਏ ਸੰਪਤੀ ਦੇ ਅਧਿਕਾਰ ਉਪਰ ਉਚਿਤ ਰੋਕਾਂ ਲਗਾਈਆਂ ਜਾਂਦੀਆਂ

ਹਨ ਅਤੇ ਆਰਥਿਕ ਪ੍ਰਣਾਲੀ ਨੂੰ ਰਾਜ ਦੀ ਦਖਲ-ਅੰਦਾਜੀ ਤੋਂ ਮੁਕਤ ਨਹੀਂ ਰੱਖਿਆ ਜਾਂਦਾ।

**(ii) ਕੰਮ ਦਾ ਅਧਿਕਾਰ (Right to Work) :** ਕੰਮ ਦੇ ਅਧਿਕਾਰ ਦਾ ਅਰਥ ਹੈ ਕਿ ਹਰੇਕ ਨਾਗਰਿਕ ਨੂੰ ਉਸਦੀ ਯੋਗਤਾ ਅਨੁਸਾਰ ਰੁਜ਼ਗਾਰ ਪ੍ਰਦਾਨ ਕਰਨਾ। ਦੂਸਰੇ ਸ਼ਬਦਾਂ 'ਚ, ਇਹ ਰਾਜ ਦੀ ਜ਼ਿੰਮੇਵਾਰੀ ਹੈ ਕਿ ਹਰੇਕ ਨਾਗਰਿਕ ਨੂੰ ਰੁਜ਼ਗਾਰ ਉਪਲੱਭਦ ਕਰਵਾਇਆ ਜਾਵੇ। ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਉਸਨੂੰ ਬੇਰੁਜ਼ਗਾਰੀ ਭੱਤਾ (Unemployed Allowance) ਦਿੱਤਾ ਜਾਵੇ। ਇਸਦੀ ਉਚਿਤਤਾ ਇਹ ਹੈ ਕਿ ਰੁਜ਼ਗਾਰ ਹੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਦਾ ਅਧਾਰ ਹੈ। ਰੁਜ਼ਗਾਰ ਤੋਂ ਬਿਨਾਂ ਵਿਅਕਤੀ ਦਾ ਜੀਵਨ ਅਸੰਭਵ ਹੈ। ਸਮਾਜਵਾਦੀ ਦੇਸ਼ਾਂ ਵਿਚ ਸਭਨਾਂ ਲਈ ਕੰਮ ਦਾ ਅਧਿਕਾਰ ਯਕੀਨੀ ਬਣਾਇਆ ਗਿਆ। ਸੰਸਾਰ ਦੇ ਬਹੁਤੇ ਸਾਰੇ ਵਿਕਸਿਤ ਲੋਕਤੰਤਰੀ ਦੇਸ਼ਾਂ ਵਿਚ ਵੀ ਨਾਗਰਿਕਾਂ ਨੂੰ ਕੰਮ ਦਾ ਕਾਨੂੰਨੀ ਅਧਿਕਾਰ ਪ੍ਰਾਪਤ ਹੈ। ਭਾਰਤੀ ਸੰਵਿਧਾਨ ਵਿਚ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਕੰਮ ਦਾ ਅਧਿਕਾਰ ਸ਼ਾਮਿਲ ਕੀਤਾ ਗਿਆ ਹੈ ਪਰ ਇਹ ਨਿਆਂਯੋਗ ਨਹੀਂ। ਭਾਰਤੀ ਸੰਸਦ ਨੇ 2005 ਵਿਚ ਪੇਂਡੂ ਖੇਤਰਾਂ ਵਿਚ ਅੰਸ਼ਿਕ ਰੂਪ ਵਿਚ ਰੁਜ਼ਗਾਰ ਪ੍ਰਦਾਨ ਕਰਨ ਲਈ ਇਕ ਕਾਨੂੰਨ ਪਾਸ ਕੀਤਾ। ਜਿਸਦੇ ਤਹਿਤ ਪਿੰਡਾਂ ਵਿਚ ਰਹਿਣ ਵਾਲੇ ਪਰਿਵਾਰਾਂ ਦੇ ਇਕ ਮੈਂਬਰ ਨੂੰ ਸਾਲ ਵਿਚ ਘੱਟੋ-ਘੱਟ 100 ਦਿਨ ਰੁਜ਼ਗਾਰ ਮੁਹੱਈਆ ਕਰਨਾ ਰਾਜ ਦੀ ਕਾਨੂੰਨੀ ਜ਼ਿੰਮੇਵਾਰੀ ਬਣਾਇਆ ਗਿਆ।

**(iii) ਉਚਿੱਤ ਮਜ਼ਦੂਰੀ ਦਾ ਅਧਿਕਾਰ (Right to Adequate Wages) :** ਵਿਅਕਤੀ ਨੂੰ ਕੇਵਲ ਕੰਮ ਦਾ ਅਧਿਕਾਰ ਹੀ ਨਹੀਂ ਬਲਕਿ ਉਸਨੂੰ ਇਹ ਅਧਿਕਾਰ ਵੀ ਹੈ ਕਿ ਉਸਨੂੰ ਆਪਣੇ ਕੰਮ ਬਦਲੇ ਮਜ਼ਦੂਰੀ ਮਿਲੇ। ਆਪਣੀ ਮਿਹਨਤ ਦਾ ਬਣਦਾ ਉਚਿਤ ਮੁੱਲ ਮਿਲਣ ਨਾਲ ਹੀ ਵਿਅਕਤੀ ਵਿਚ ਚੰਗਾ ਕੰਮ ਕਰਨ ਦਾ ਉਤਸ਼ਾਹ ਪੈਦਾ ਹੁੰਦਾ ਹੈ ਜਿਸਦੇ ਸਿੱਟੇ ਵਜੋਂ ਉਤਪਾਦਨ ਵਿਚ ਵਾਧਾ ਹੁੰਦਾ ਹੈ ਤੇ ਰਾਸ਼ਟਰ ਦਾ ਸਰਵਪੱਖੀ ਵਿਕਾਸ ਹੁੰਦਾ ਹੈ। ਇਸੇ ਲਈ, ਰਾਜ ਦੁਆਰਾ ਹੁਨਰ (Skilled) ਅਤੇ ਗੈਰ-ਹੁਨਰਮੰਦ (Unskilled) ਕਾਮਿਆਂ ਲਈ ਮਜ਼ਦੂਰੀ ਦੀਆਂ ਘੱਟੋ-ਘੱਟ ਦਰਾਂ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ।

**(iv) ਕੰਮ ਦੇ ਨਿਸ਼ਚਿਤ ਸਮੇਂ ਦਾ ਅਧਿਕਾਰ (Right to Fixed Hours of Work) :** ਮਈ 1886 ਵਿਚ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਚ ਮਜ਼ਦੂਰਾਂ ਨੇ ਕੰਮ ਦੇ ਨਿਸ਼ਚਿਤ ਘੰਟਿਆਂ ਲਈ ਸੰਘਰਸ਼ ਕੀਤਾ ਸੀ ਅਤੇ ਇਸ ਦੌਰਾਨ ਸ਼ਹੀਦ ਹੋਏ ਸਾਥੀਆਂ ਦੀ ਯਾਦ ਵਿਚ ਦੁਨੀਆਂ ਭਰ ਅੰਦਰ ਹਰੇਕ ਸਾਲ ਪਹਿਲੀ ਮਈ ਨੂੰ 'ਮਜ਼ਦੂਰ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਉਦਯੋਗਪਤੀਆਂ ਨੂੰ ਮਜ਼ਦੂਰਾਂ ਦੀ ਲੁੱਟ-ਖਸੁੱਟ ਨੂੰ ਰੋਕਣ ਲਈ ਅਜੋਕੇ ਸਮੇਂ ਵਿਚ ਤਕਰੀਬਨ ਹਰੇਕ ਰਾਸ਼ਟਰ ਨੇ ਕੰਮ ਦੇ ਘੰਟੇ ਨਿਸ਼ਚਿਤ ਕੀਤੇ ਹਨ ਅਤੇ ਵਾਧੂ ਕੰਮ ਲਈ ਵਾਧੂ ਮਜ਼ਦੂਰੀ ਅਦਾ ਕਰਨ ਦੀ ਵਿਵਸਥਾ ਕੀਤੀ ਗਈ ਹੈ।

**(v) ਅਰਾਮ ਦਾ ਅਧਿਕਾਰ (Right to Leisure) :** ਵਿਅਕਤੀ ਕੋਈ ਮਸ਼ੀਨ ਨਹੀਂ। ਉਸਦੀ ਕੰਮ ਕਰਨ ਦੀ ਸਮਰੱਥਾ ਦੀ ਇਕ ਸੀਮਾ ਹੈ। ਨਿਸ਼ਚਿਤ ਕਾਲ ਲਈ ਕੰਮ ਕਰਨ ਤੋਂ ਬਾਅਦ ਦੁਬਾਰਾ ਕੰਮ ਕਰਨਯੋਗ ਹੋਣ ਲਈ ਅਰਾਮ ਦੀ ਜ਼ਰੂਰਤ ਹੁੰਦੀ ਹੈ। ਇਸ ਲਈ ਰਾਜ ਦੁਆਰਾ ਫੈਕਟਰੀਆਂ, ਆਦਿ, ਵਿਚ ਨਿਸ਼ਚਿਤ ਸਮੇਂ ਲਈ ਛੁੱਟੀ (Brake) ਅਤੇ ਹਫਤਾਵਾਰੀ ਛੁੱਟੀ ਨੂੰ ਯਕੀਨੀ ਬਣਾਇਆ ਜਾਂਦਾ ਹੈ।

**(vi) ਆਰਥਿਕ ਸੁਰੱਖਿਆ ਦਾ ਅਧਿਕਾਰ (Right to Economic Security) :** ਵਿਅਕਤੀ ਲਈ ਆਰਥਿਕ ਪੱਖੋਂ ਸੁਰੱਖਿਅਤ ਹੋਣਾ ਬਹੁਤ ਜ਼ਰੂਰੀ ਹੈ। ਆਰਥਿਕ ਸੁਰੱਖਿਆ ਪ੍ਰਦਾਨ ਕਰਨਾ ਰਾਜ ਦੀ ਜ਼ਿੰਮੇਵਾਰੀ ਹੈ। ਆਰਥਿਕ ਸੁਰੱਖਿਆ ਦਾ ਭਾਵ ਹੈ ਕਿ ਵਿਅਕਤੀ ਨੂੰ ਬੇਰੁਜ਼ਗਾਰੀ, ਅੰਗਹੀਣਤਾ ਜਾਂ ਨਕਾਰੇਪਣ, ਬੁਢਾਪੇ ਅਤੇ ਬਿਮਾਰੀ, ਆਦਿ, ਦੀ ਹਾਲਤ ਵਿਚ ਆਰਥਿਕ ਸੁਰੱਖਿਆ ਪ੍ਰਦਾਨ ਕਰਨਾ। ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਕਾਫ਼ੀ ਹੱਦ ਤੱਕ ਨਾਗਰਿਕਾਂ ਨੂੰ ਆਰਥਿਕ ਤੌਰ 'ਤੇ ਸੁਰੱਖਿਅਤਾ ਹਾਸਿਲ ਹੈ। ਪ੍ਰੰਤੂ, ਵਿਕਾਸਸ਼ੀਲ ਦੇਸ਼ ਇਸ ਮਾਮਲੇ ਵਿਚ ਅਜੇ ਬਹੁਤ ਪਿੱਛੇ ਹਨ। ਆਰਥਿਕ ਅਸੁਰੱਖਿਅਤਾ ਦਾ ਇਕ ਗੰਭੀਰ ਸਿੱਟਾ ਵਸੋਂ ਦੇ ਵਾਧੇ ਵਿਚ ਨਿਕਲਦਾ ਹੈ ਕਿਉਂਕਿ ਵਿਅਕਤੀ ਆਪਣੇ ਜਿਆਦਾ ਬੱਚੇ ਹੋਣ ਵਿਚ ਹੀ ਆਪਣੀ ਆਰਥਿਕ ਸੁਰੱਖਿਆ ਮਹਿਸੂਸ ਕਰਦਾ ਹੈ।

**(vii) ਕੰਮ ਦੀਆਂ ਉਚਿਤ ਹਾਲਤਾਂ ਦਾ ਅਧਿਕਾਰ (Right to Edequate Working Conditions) :** ਰਾਜ ਦਾ ਉਦੇਸ਼ ਆਪਣੇ ਨਾਗਰਿਕਾਂ ਦੇ ਜੀਵਨ-ਪੱਧਰ ਨੂੰ ਉੱਚਾ ਚੁੱਕਣਾ ਅਤੇ ਖੁਸ਼ਹਾਲ ਬਣਾਉਣਾ ਹੈ। ਇਸ ਲਈ ਜ਼ਰੂਰੀ ਹੈ ਕਿ ਮਨੁੱਖ ਦੇ ਕੰਮ ਕਰਨ ਵਾਲੀਆਂ ਥਾਵਾਂ ਮਨੁੱਖੀ ਸਿਹਤ ਲਈ ਨੁਕਸਾਨਦੇਹ ਨਾ ਹੋਣ। ਇਸ ਲਈ ਰਾਜ ਦੁਆਰਾ ਇਹ ਸੁਨਿਸ਼ਚਿਤ ਕੀਤਾ ਜਾਂਦਾ ਹੈ ਕਿ ਉਦਯੋਗਾਂ ਆਦਿ ਵਿਚ ਮਜ਼ਦੂਰਾਂ ਲਈ ਸਾਫ-ਸੁਥਰਾ ਵਾਤਾਵਰਣ, ਸਵੱਛ ਪਾਣੀ, ਭੋਜਨ, ਆਦਿ ਉਪਲੱਭਦ ਹੋਵੇ।

### 1.3.5.7 ਰਾਜਨੀਤਕ ਅਧਿਕਾਰ (Political Rights)

ਰਾਜਨੀਤਕ ਅਧਿਕਾਰ ਉਹ ਅਧਿਕਾਰ ਹਨ ਜਿਹੜੇ ਨਾਗਰਿਕਾਂ ਨੂੰ ਆਪਣੇ ਦੇਸ਼ ਦੇ ਰਾਜਨੀਤਕ ਜੀਵਨ ਵਿਚ ਭਾਗ ਲੈਣ ਦੇ ਸਮਰੱਥ ਬਣਾਉਂਦੇ ਹਨ। ਇਹਨਾਂ ਰਾਹੀਂ ਨਾਗਰਿਕਾਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਰਾਜ ਦੇ ਸਾਸ਼ਨ ਵਿਚ ਸ਼ਮੂਲੀਅਤ ਕਰਨ ਦਾ ਮੌਕਾ ਮਿਲਦਾ ਹੈ। ਸਮਾਜਵਾਦੀ ਅਤੇ ਤਾਨਾਸ਼ਾਹੀ ਰਾਜਾਂ ਵਿਚ ਨਾਗਰਿਕਾਂ ਨੂੰ ਨਾਮਾਤਰ ਰਾਜਨੀਤਕ ਅਧਿਕਾਰ ਹਾਸਿਲ ਹੁੰਦੇ ਹਨ। ਬਹੁਤ ਸਾਰੇ ਨਾਮ-ਨਿਹਾਦ ਲੋਕਤੰਤਰੀ ਦੇਸ਼ਾਂ ਵਿਚ ਵੀ ਨਾਗਰਿਕਾਂ ਨੂੰ ਕੇਵਲ ਨਾਮਾਤਰ ਰਾਜਨੀਤਕ ਅਧਿਕਾਰ ਹਾਸਿਲ ਹੁੰਦੇ ਹਨ। ਅਸਲ ਵਿਚ ਕਿਸੇ ਲੋਕਤੰਤਰ ਦੀ ਪਛਾਣ ਇਸੇ ਤੱਥ ਤੋਂ ਹੁੰਦੀ ਹੈ ਕਿ ਨਾਗਰਿਕਾਂ ਨੂੰ ਰਾਜ ਦੀ ਪ੍ਰਭੂਸਤਾ ਵਿਚ ਭਾਗ ਲੈਣ ਲਈ ਕਿਨੇ ਅਧਿਕਾਰ ਦਿੱਤੇ ਗਏ ਹਨ ਅਤੇ ਉਹ ਕਿਨੇ ਕੁ ਪ੍ਰਭਾਵਸ਼ਾਲੀ ਹਨ। ਕੁੱਝ ਮਹੱਤਵਪੂਰਨ ਰਾਜਨੀਤਕ ਅਧਿਕਾਰਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**(i) ਵੋਟ ਦਾ ਅਧਿਕਾਰ (Right to Vote) :** ਵੋਟ ਦੇਣ ਦਾ ਅਧਿਕਾਰ ਲੋਕਤੰਤਰੀ ਪ੍ਰਣਾਲੀ ਵਿਚ ਨਾਗਰਿਕਾਂ ਦਾ ਖਾਸ ਅਧਿਕਾਰ ਹੈ ਜੋ ਨਾਬਾਲਿਗਾਂ, ਪਾਗਲਾਂ ਅਤੇ ਅਪਰਾਧੀਆਂ ਨੂੰ ਛੱਡਕੇ ਬਾਕੀ ਸਭ ਨਾਗਿਰਕਾਂ ਨੂੰ ਦਿੱਤਾ ਜਾਂਦਾ ਹੈ। ਲੋਕਤੰਤਰੀ ਪ੍ਰਣਾਲੀ ਦੇ ਸ਼ੁਰੂਆਤੀ ਦੌਰ ਵਿਚ ਨਾਗਰੀਕਾਂ ਨੂੰ ਵੋਟ ਦਾ ਸਰਵਵਿਆਪੀ ਅਧਿਕਾਰ ਪ੍ਰਾਪਤ ਨਹੀਂ ਸੀ। ਇਸ ਲਈ ਵਿਦਿਆ, ਧਨ, ਲਿੰਗ ਆਦਿ, ਦੀਆਂ ਯੋਗਤਾਵਾਂ ਤਹਿ ਕੀਤੀਆਂ ਗਈਆਂ ਸਨ। ਪ੍ਰੰਤੂ, ਅਜੋਕੇ ਸਮੇਂ ਵਿਚ ਸਭਨਾਂ ਨਾਗਰਿਕਾਂ ਲਈ ਬਿਨਾਂ ਕਿਸੇ ਭੇਦ-ਭਾਵ ਤੋਂ ਉਪਰ ਦੀ ਇਕ ਨਿਸ਼ਚਿਤ ਸੀਮਾ 'ਤੇ ਇਹ ਅਧਿਕਾਰ ਦਿੱਤੇ ਜਾਣ ਦੀ ਹਮਾਇਤ ਕੀਤੀ ਜਾਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਸਰਕਾਰ ਦੇ ਨਿਰਮਾਣ ਵਿਚ ਜਿੰਨੇ ਜਿਆਦਾ ਲੋਕਾਂ ਦੀ ਭਾਗੀਦਾਰੀ ਹੋਵੇਗੀ ਸਰਾਕਰ ਓਨੀ ਹੀ ਜਿਆਦਾ ਜ਼ਿੰਮੇਵਾਰ (Responsible) ਹੋਵੇਗੀ।

**(ii) ਚੋਣ ਲੜਨ ਦਾ ਅਧਿਕਾਰ (Right to Contest Election) :** ਲੋਕਤੰਤਰ ਅਧੀਨ ਨਾਗਰਿਕਾਂ ਨੂੰ ਨਾ ਕੇਵਲ ਆਪਣੇ ਪ੍ਰਤੀਨਿਧ ਚੁਣਨ ਦਾ ਹੀ ਅਧਿਕਾਰ ਹੈ ਬਲਕਿ ਕੋਈ ਵੀ ਨਿਸ਼ਚਿਤ ਯੋਗਤਾਵਾਂ ਪੂਰੀਆਂ ਕਰਦਾ ਨਾਗਰਿਕ ਖੁਦ ਪ੍ਰਤੀਨਿਧ ਬਣਨ ਲਈ ਚੋਣ ਲੜ ਸਕਦਾ ਹੈ। ਇਹ ਲੋਕਤੰਤਰ ਦੀ ਬਹੁਤ ਵੱਡੀ ਵਿਸ਼ੇਸ਼ਤਾ ਹੈ ਕਿ ਬਿਨਾਂ ਕਿਸੇ ਵਿਤਕਰੇ ਤੋਂ ਹਰੇਕ ਨਾਗਰਿਕ ਦੇਸ਼ ਦੇ ਸਰਵਉੱਚ ਪ੍ਰਤੀਨਿਧ ਸਦਨ ਤੋਂ ਲੈ ਕੇ ਰਾਜ ਪੱਧਰ ਅਤੇ ਸਥਾਨਕ ਪੱਧਰ ਦੇ ਪ੍ਰਤੀਨਿਧ ਸਦਨਾਂ ਦਾ ਮੈਂਬਰ ਬਣਨ ਲਈ ਚੋਣ ਲੜਨ ਦਾ ਅਧਿਕਾਰ ਰੱਖਦਾ ਹੈ।

**(iii) ਜਨਤਕ ਪਦਵੀ ਗ੍ਰਹਿਣ ਕਰਨ ਦਾ ਅਧਿਕਾਰ (Right to Hold Public Office):** ਕਿਸੇ ਵੀ ਨਾਗਿਰਕ ਨੂੰ ਜਾਤ, ਧਰਮ, ਰੰਗ, ਖੇਤਰ, ਲਿੰਗ, ਜਨਮ, ਆਦਿ ਦੇ ਅਧਾਰ 'ਤੇ ਕਿਸੇ ਜਨਤਕ ਅਹੁਦੇ ਨੂੰ ਹਾਸਿਲ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ। ਭਾਰਤ ਸਮੇਤ ਦੁਨੀਆਂ ਦੇ ਹੋਰ ਵਿਕਸਿਤ ਲੋਕਤੰਤਰੀ ਦੇਸ਼ਾਂ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਲੋਕਾਂ ਦੁਆਰਾ ਚੁਣੇ ਗਏ ਪ੍ਰਤੀਨਿਧਾਂ ਨੂੰ ਉਸ ਰਾਜ ਦੇ ਹੇਠਾਂ ਤੋਂ ਲੈ ਕੇ ਉਚਤਮ ਪੱਧਰ ਤੱਕ ਦੇ ਅਹੁਦੇ ਹਾਸਿਲ ਕਰਨ ਦਾ ਅਧਿਕਾਰ ਹੈ। ਵਿਕਸਿਤ ਲੋਕਤੰਤਰ ਵਿਚ ਵਿਤਕਰੇ ਲਈ ਕੋਈ ਸਥਾਨ ਨਹੀਂ ਹੋ ਸਕਦਾ। ਭਾਰਤ ਵਿਚ 2004 ਦੀਆਂ ਪਾਰਲੀਮੈਂਟਰੀ ਚੋਣਾਂ ਵਿਚ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਭਾਰਤੀ ਮੂਲ ਵਾਸੀ ਨਾ ਹੋਣ ਅਤੇ ਇਸ ਕਰਕੇ ਪ੍ਰਧਾਨ ਮੰਤਰੀ ਲਈ ਯੋਗ ਨਾ ਹੋਣ ਦੇ ਵਿਰੋਧੀ ਪਾਰਟੀਆਂ ਦੇ ਰਾਮ-ਰੌਲੇ ਨੂੰ ਭਾਰਤੀ ਵੋਟਰਾਂ ਨੇ ਨਜਰ-ਅੰਦਾਜ਼ ਕਰ ਦਿੱਤਾ ਸੀ।

**(iv) ਅਰਜ਼ੀ-ਪੱਤਰ ਦੇਣ ਦਾ ਅਧਿਕਾਰ (Right to Petition) :** ਲੋਕਤੰਤਰ ਵਿਚ ਸਾਸ਼ਕਾਂ ਦੀ ਚੋਣ ਲੋਕਾਂ ਦੁਆਰਾ ਕੀਤੀ ਜਾਂਦੀ ਹੈ। ਇਸ ਲਈ ਸਰਕਾਰ ਨੂੰ ਸਦਾ ਲੋਕਾਂ ਦੀਆਂ ਦੁੱਖ-ਤਕਲੀਫਾਂ (Grievances) ਪ੍ਰਤੀ ਸੁਚੇਤ ਰਹਿਣ ਅਤੇ ਇਹਨਾਂ ਨੂੰ ਦੂਰ ਕਰਨ ਲਈ ਜ਼ਰੂਰੀ ਕਦਮ ਚੁੱਕਣ ਲਈ ਤਿਆਰ ਰਹਿਣ ਦੀ ਲੋੜ ਹੁੰਦੀ ਹੈ। ਨਾਗਰਿਕਾਂ ਨੂੰ ਇਹ ਅਧਿਕਾਰ ਹੁੰਦਾ ਹੈ ਕਿ ਉਹ ਆਪਣੇ ਅਰਜੀ-ਪੱਤਰਾਂ ਰਾਹੀਂ ਕਾਰਜ਼ਕਾਰੀ ਅਧਿਕਾਰੀਆਂ ਅਤੇ ਵਿਧਾਇਕਾਂ ਨੂੰ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾ ਸਕਣ। ਇਹਨਾਂ ਅਰਜ਼ੀ-ਪੱਤਰਾਂ ਉਪਰ ਸਬੰਧਿਤ ਅਧਿਕਾਰੀਆਂ ਵੱਲੋਂ ਜ਼ਰੂਰੀ ਕਾਰਵਾਈ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**(v) ਰਾਜਨੀਤਕ ਦਲ ਅਤੇ ਸੰਘ ਬਣਾਉਣ ਦਾ ਅਧਿਕਾਰ (Right to form Political Parties and Associations) :** ਰਾਜਨੀਤਕ ਦਲ ਅਤੇ ਵੱਖ-ਵੱਖ ਵਿਸ਼ੇਸ਼ ਹਿੱਤਾਂ 'ਤੇ ਅਧਾਰਿਤ ਸੰਘ ਆਮ ਲੋਕਾਂ ਦੁਆਰਾ ਰਾਜਨੀਤਕ ਪ੍ਰਣਾਲੀ ਵਿਚ ਭਾਗ ਲੈਣ ਦਾ ਮਹੱਤਵਪੂਰਨ ਸਾਧਨ ਹਨ। ਲੋਕਤੰਤਰੀ ਪ੍ਰਣਾਲੀ ਵਿਚ ਰਾਜਨੀਤਕ ਦਲਾਂ ਦੀ ਵਿਸ਼ੇਸ਼ ਮਹੱਤਤਾ ਹੈ। ਰਾਜਨੀਤਕ ਦਲ ਚੋਣਾਂ ਲੜਦੇ ਹਨ; ਸਰਕਾਰ ਦਾ ਨਿਰਮਾਣ ਕਰਦੇ ਹਨ; ਵਿਰੋਧੀ ਧਿਰ ਦੀ ਭੂਮਿਕਾ ਨਿਭਾਉਂਦੇ ਹਨ ਅਤੇ ਲੋਕਾਂ ਨੂੰ ਰਾਜਨੀਤਕ ਤੌਰ ਤੇ ਜਾਗਰਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਵੱਖ-ਵੱਖ ਵਰਗਾਂ ਦੇ ਟਕਰਾਵੇ

ਂ ਹਿੱਤਾਂ ਵਿਚ ਸੁਮੇਲ ਪੈਦਾ ਕਰਕੇ ਰਾਜਨੀਤਕ ਪ੍ਰਣਾਲੀ ਦੀ ਸਥਿਰਤਾ ਵਿਚ ਸਹਾਈ ਹੁੰਦੇ ਹਨ। ਇਸਤੋਂ ਇਲਾਵਾ ਵੱਖ-ਵੱਖ ਸੰਘ ਆਪੋ-ਆਪਣੇ ਵਿਸ਼ੇਸ਼ ਹਿੱਤਾਂ ਦੀ ਰਾਖੀ ਲਈ ਕੰਮ ਕਰਦੇ ਹਨ। ਗੈਰ-ਲੋਕਤੰਤਰੀ ਰਾਜ ਪ੍ਰਣਾਲੀਆਂ ਵਿਚ ਵੀ ਰਾਜਨੀਤਕ ਦਲ ਪਾਏ ਜਾਂਦੇ ਹਨ। ਪਰ, ਇਹਨਾਂ ਦੇਸ਼ਾਂ, ਜਿਵੇਂ ਕਿ ਚੀਨ, ਆਦਿ, ਵਿਚ ਕੇਵਲ ਸਾਮਵਾਦੀ ਦਲ ਬਣਾਉਣ ਦਾ ਹੀ ਅਧਿਕਾਰ ਹੈ।

**(vi) ਸਰਕਾਰ ਦੀ ਆਲੋਚਨਾ ਦਾ ਅਧਿਕਾਰ (Right to Criticise the Government):** ਲੋਕਤੰਤਰੀ ਰਾਜ ਪ੍ਰਣਾਲੀ ਵਿਚ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਅਤੇ ਕਾਰਜ਼ਾਂ ਦੀ ਆਲੋਚਨਾ ਕਰਨ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ। ਲੋਕ ਵੱਖ-ਵੱਖ ਤਰੀਕਿਆਂ -ਰੈਲੀਆਂ, ਧਰਨੇ, ਮਜ਼ਾਹਰੇ, ਹੜਤਾਲ, ਸੰਚਾਰ ਸਾਧਨਾਂ, ਆਦਿ, ਰਾਹੀਂ ਸਰਕਾਰ ਦੀ ਆਲੋਚਨਾ ਕਰ ਸਕਦੇ ਹਨ। ਇਸ ਅਧਿਕਾਰ ਕਾਰਨ ਸਰਕਾਰ ਲੋਕਾਂ ਪ੍ਰਤੀ ਜ਼ਿੰਮੇਵਾਰ (Responsible) ਬਣੀ ਰਹਿੰਦੀ ਹੈ ਅਤੇ ਜਨਤਕ ਹਿੱਤਾਂ ਪ੍ਰਤੀ ਸੰਵੇਦਨਸ਼ੀਲ ਰਹਿੰਦੀ ਹੈ। ਪ੍ਰੰਤੂ, ਲੋਕਤੰਤਰ ਦੀ ਸਫਲਤਾ ਲਈ ਜ਼ਰੂਰੀ ਹੈ ਕਿ ਆਲੋਚਨਾ ਸਿਰਫ ਆਲੋਚਨਾ ਲਈ ਨਹੀਂ ਬਲਕਿ ਰਚਨਾਤਮਕ ਅਤੇ ਸਕਾਰਾਤਮਕ ਹੋਣੀ ਚਾਹੀਦੀ ਹੈ।

**(vii) ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ (Right to Information) :** ਭਾਰਤ ਸਮੇਤ ਬਹੁਤ ਸਾਰੇ ਵਿਕਸਿਤ ਲੋਕਤੰਤਰੀ ਰਾਜਾਂ ਵਿਚ ਲੋਕਾਂ ਨੂੰ ਸਰਕਾਰ ਦੇ ਕਾਰਜ਼ਾਂ ਸਬੰਧੀ ਸੂਚਨਾ ਪ੍ਰਪਾਤ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਅਧਿਕਾਰ ਕਾਰਨ ਸਰਕਾਰ ਦੇ ਕੰਮਾਂ ਵਿਚ ਪਾਰਦਰਸ਼ਤਾ (Transparency) ਆਉਂਦੀ ਹੈ।

**(viii) ਵਾਪਸ ਬਲਾਉਣ ਦਾ ਅਧਿਕਾਰ (Right to Recall) :** ਇਸਦਾ ਅਰਥ ਹੈ ਕਿ ਨਾਗਰਿਕ ਜਦ ਇਹ ਮਹਿਸੂਸ ਕਰਨ ਕਿ ਉਨ੍ਹਾਂ ਦਾ ਚੁਣਿਆ ਗਿਆ ਪ੍ਰਤੀਨਿਧ ਉਨ੍ਹਾਂ ਦੇ ਜਾਂ ਦੇਸ਼ ਦੇ ਹਿੱਤਾਂ ਵਿਰੁੱਧ ਕੰਮ ਕਰ ਰਿਹਾ ਹੈ ਤਾਂ ਉਹ ਉਸਨੂੰ ਵਾਪਸ ਬੁਲਾ ਸਕਦੇ ਹਨ। ਜ਼ਿੰਮੇਵਾਰ ਸਰਕਾਰ (Responsible Government) ਦੀ ਧਾਰਨਾ ਅਨੁਸਾਰ ਇਹ ਅਧਿਕਾਰ ਦੇਣਾ ਚਾਹੀਦਾ ਹੈ ਕਿ ਸਵਿਟਜ਼ਰਲੈਂਡ ਵਰਗੇ ਇਕ ਦੋ ਦੇਸ਼ਾਂ ਨੂੰ ਛੱਡਕੇ ਨਾਗਰਿਕਾਂ ਨੂੰ ਇਹ ਅਧਿਕਾਰ ਨਹੀਂ ਦਿੱਤਾ ਗਿਆ।

**1.3.6 ਅਧਿਕਾਰਾਂ ਦੀ ਸੁਰੱਖਿਆ ਦੇ ਉਪਾਅ (Measures for Protection of Rights)**

ਅਧਿਕਾਰਾਂ ਦੀ ਸਿਰਫ ਵਿਵਸਥਾ ਕਰਨਾ ਹੀ ਕਾਫੀ ਨਹੀਂ ਸਗੋਂ ਉਨ੍ਹਾਂ ਦੀ ਸੁਰੱਖਿਆ ਲਈ ਵੀ ਉਚਿਤ ਉਪਾਅ ਕੀਤੇ ਜਾਣਾ ਜ਼ਰੂਰੀ ਹੈ। ਅਧਿਕਾਰਾਂ ਦੀ ਸੁਰਖਿਆ ਲਈ ਕੁੱਝ ਮਹੱਤਵਪੂਰਨ ਉਪਾਵਾਂ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਹੈ:

**3.6.1 ਅਧਿਕਾਰਾਂ ਨੂੰ ਸੰਵਿਧਾਨ ਵਿਚ ਸ਼ਾਮਿਲ ਕਰਨਾ (To Include Rights in the Constituteion) :** ਅਤਿਅੰਤ ਮਹੱਤਤਾ ਵਾਲੇ ਅਧਿਕਾਰਾਂ, ਜਿਵੇਂ ਕਿ ਸੁਤੰਤਰਤਾ, ਜੀਵਨ, ਸਮਾਨਤਾ, ਆਦਿ, ਵਰਗੇ ਅਧਿਕਾਰਾਂ ਦੀ ਦੇਸ਼ ਦੇ ਬੁਨਿਆਦੀ ਕਾਨੂੰਨ, ਅਰਥਾਤ, ਸੰਵਿਧਾਨ, ਵਿਚ ਵਿਵਸਥਾ ਕਰਨੀ ਚਾਹੀਦੀ ਹੈ। ਸੰਵਿਧਾਨਿਕ ਸੁਰੱਖਿਆ ਕਾਰਨ ਇਹਨਾਂ ਅਧਿਕਾਰਾਂ ਦੀ ਉਲੰਘਣਾ ਦੀ ਹਾਲਤ ਵਿਚ ਅਦਾਲਤਾਂ ਦੁਆਰਾ ਰਿਟ ਜਾਰੀ ਕੀਤੀ ਜਾ ਸਕਦੀ ਹੈ। ਅਧਿਕਾਰਾਂ ਦੀ ਰੱਖਿਆ ਲਈ ਸੰਵਿਧਾਨਿਕ ਉਪਚਾਰਾਂ (Constitutional Remedies) ਦੀ ਵਿਵਸਥਾ ਹੋਣੀ ਚਾਹੀਦੀ ਹੈ।

**1.3.6.2 ਕਾਨੂੰਨ ਦਾ ਸਾਸ਼ਨ (Rule of Law) :** ਅਧਿਕਾਰ ਕਾਨੂੰਨ ਦੇ ਸਾਸ਼ਨ ਰਾਹੀਂ ਸੁਨਿਸ਼ਚਿਤ ਹੁੰਦੇ ਹਨ। ਕਾਨੂੰਨ ਦੇ ਸਾਸ਼ਨ ਤੋਂ ਭਾਵ ਹੈ ਕਿ ਕਾਨੂੰਨ ਹੀ ਸਰਵਉੱਚ ਹੈ ਅਤੇ ਇਹ ਜਾਤ, ਧਰਮ, ਨਸਲ, ਲਿੰਗ, ਧਨ, ਆਦਿ ਦੇ ਵਿਤਕਰੇ ਤੋਂ ਬਿਨਾਂ ਸਭਨਾਂ ਉਪਰ ਸਮਾਨ ਰੂਪ ਵਿਚ ਲਾਗੂ ਹੁੰਦਾ ਹੈ।

**1.3.6.3 ਸੁਤੰਤਰ ਅਤੇ ਇਮਾਨਦਾਰ ਪ੍ਰੈਸ ਅਤੇ ਬਿਜਲਈ ਸੰਚਾਰ ਸਾਧਨ (Free and Honest Press and Electronic Media) :** ਅਧਿਕਾਰਾਂ ਦੀ ਸੁਰੱਖਿਆ ਵਿਚ ਅਖਬਾਰਾਂ ਅਤੇ ਟੀ.ਵੀ. ਆਦਿ ਦੀ ਬੜੀ ਮਹੱਤਵਪੂਰਨ ਭੂਮਿਕਾ ਹੈ। ਇਹਨਾਂ ਦਾ ਸੁਤੰਤਰ ਅਤੇ ਇਮਾਨਦਾਰ ਹੋਣਾ ਜ਼ਰੂਰੀ ਹੈ ਤਾਂ ਕਿ ਕਿਸੇ ਵੀ ਨਾਗਰਿਕ ਦੇ ਜਾਂ ਨਾਗਰਿਕਾਂ ਦੇ ਕਿਸੇ ਸਮੂਹ ਦੇ ਅਧਿਕਾਰਾਂ ਦੀ ਉਲੰਘਣਾ ਦੀਂ ਹਾਲਤ ਵਿਚ ਸਰਕਾਰ ਵਿਰੁੱਧ ਬਿਨਾਂ ਕਿਸੇ ਪੱਖਪਾਤ ਤੋਂ ਮਜ਼ਬੂਤ ਤੇ ਸਵੱਛ ਲੋਕਮੱਤ ਪੈਦਾ ਕੀਤਾ ਜਾ ਸਕੇ।

**1.3.6.4 ਸ਼ਕਤੀਆਂ ਦਾ ਵਿਕੇਂਦਰੀਕਰਣ (Decentralisation of Power) :** ਲਾਸਕੀ ਅਨੁਸਾਰ ਅਧਿਕਾਰਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ ਕਿ ਸਰਕਾਰ ਦੀ ਸ਼ਕਤੀ ਕਿਸੇ ਇਕ ਅੰਗ ਕੋਲ ਕੇਂਦਰਿਤ ਨਾ ਹੋਵੇ। ਸਰਕਾਰ ਦੇ ਤਿੰਨੇ ਅੰਗਾਂ – ਵਿਧਾਨਪਾਲਿਕਾ, ਕਾਰਜ਼ਪਾਲਿਕਾ ਅਤੇ ਨਿਆਂਪਾਲਿਕਾ ਵਿਚਕਾਰ ਸ਼ਕਤੀਆਂ ਦੀ ਵੰਡ ਇਸ ਪ੍ਰਕਾਰ ਹੋਣੀ ਚਾਹਦੀ ਹੈ ਕਿ ਇਹ ਇਕ ਦੂਸਰੇ ਨੂੰ ਮਨਮਾਨੀ ਕਰਨ ਤੋਂ ਰੋਕ ਸਕਣ। ਇਸੇ ਪ੍ਰਕਾਰ, ਕੇਂਦਰ, ਪ੍ਰਾਂਤਕ ਅਤੇ ਸਥਾਨਕ ਪੱਧਰ ਤੇ ਸ਼ਕਤੀਆਂ ਦੀ ਵੰਡ ਕਾਰਨ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ।

**1.3.6.5 ਰਾਜ-ਪ੍ਰਣਾਲੀ ਦਾ ਲੋਕਤੰਤਰੀਕਰਣ (Democratisation of the Polity) :** ਅਧਿਕਾਰਾਂ ਦੀ ਸੁਰੱਖਿਆ ਲਈ ਰਾਜ ਪ੍ਰਸਾਸ਼ਨ ਦਾ ਲੋਕਤੰਤਰੀਕ੍ਰਣ ਹੋਣਾ ਚਾਹੀਦਾ ਹੈ। ਪ੍ਰਸ਼ਾਸ਼ਨ ਦੇ ਹਰੇਕ ਪੱਧਰ 'ਤੇ ਨੀਤੀ-ਨਿਰਮਾਣ ਅਤੇ ਲਾਗੂ ਕਰਨ

ਵਾਲੇ ਅਦਾਰਿਆਂ ਵਿਚ ਲੋਕਾਂ ਦੇ ਪ੍ਰਤੀਨਿਧਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਲੋਕਾਂ ਦੇ ਪ੍ਰਤੀਨਿਧਾਂ ਦੀ ਮੌਜੂਦਗੀ ਅਧਿਕਾਰਾਂ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਵਿਚ ਸਹਾਈ ਹੁੰਦੀ ਹੈ।

**1.3.6.6 ਸੁਚੇਤ ਨਾਗਿਰਕ (Vigilant Ctizen) :** ਅਧਿਕਾਰਾਂ ਦੀ ਸੁਰੱਖਿਆ ਦਾ ਸਭ ਤੋਂ ਮਜ਼ਬੂਤ ਸਾਧਨ ਨਾਗਿਰਕਾਂ ਦਾ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਹੋਣਾ ਹੈ। ਨਾਗਰਿਕਾਂ ਨੂੰ ਇਸ ਗੱਲ ਦਾ ਪਤਾ ਹੋਣਾ ਚਾਹੀਦਾ ਹੈ ਕਿ ਅਧਿਕਾਰਾਂ ਦੀ ਉਲੰਘਣਾ ਨੂੰ ਕਿਵੇਂ ਰੋਕਣਾ ਹੈ ਅਤੇ ਅਧਿਕਾਰਾਂ ਦੀ ਰਾਖੀ ਲਈ ਉਨ੍ਹਾਂ ਵਿਚ ਸੰਘਰਸ਼ ਕਰਨ ਦੀ ਇੱਛਾ ਅਤੇ ਹੌਂਸਲਾ ਹੋਣਾ ਚਾਹੀਦਾ ਹੈ।

## 1.3.7 ਸਾਰੰਸ਼ (Conclusion)

ਉਪਰੋਕਤ ਵਿਵਚਾਰ-ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਦੇ ਜੀਵਨ ਵਿਚ ਅਧਿਕਾਰਾਂ ਦਾ ਬਹੁਤ ਮਹੱਤਵ ਹੈ। ਅਧਿਕਾਰਾਂ ਦੀ ਅਣਹੋਂਦ ਵਿਚ ਵਿਅਕਤੀ ਦੀ ਸਖਸ਼ੀਅਤ ਦੇ ਸਰਵਪੱਖੀ ਵਿਕਾਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ, ਰਾਜ ਦੁਆਰਾ ਵਿਅਕਤੀ ਦੇ ਹਰ ਕਿਸਮ ਦੇ ਅਧਿਕਾਰਾਂ-ਆਰਥਿਕ, ਨਾਗਰਿਕ ਅਤੇ ਰਾਜਨੀਤਕ ਦੀ ਢੁਕਵੀਂ ਅਤੇ ਉਚਿਤ ਵਿਵਸਥਾ ਕਰਨਾ ਜ਼ਰੂਰੀ ਹੈ। ਰਾਜ ਦਾ ਇਹ ਫਰਜ਼ ਹੈ ਕਿ ਹਰੇਕ ਮਨੁੱਖ ਨੂੰ ਬਿਨਾਂ ਕਿਸੇ ਵਿਤਕਰੇ ਦੇ ਵਿਕਾਸ ਲਈ ਸਮਾਨ ਮੌਕੇ ਪ੍ਰਾਪਤ ਹੋਣ। ਵਿਅਕਤੀ ਦਾ ਜੀਵਨ, ਸੁਤੰਤਰਤਾ ਅਤੇ ਸੰਪਤੀ ਸੁਰੱਖਿਅਤ ਹੋਵੇ। ਵਿਅਕਤੀ ਆਜ਼ਾਦ ਮਾਹੌਲ ਵਿਚ ਸੁਰੱਖਿਆ ਪੂਰਬਕ ਜਿਉਂ ਸਕੇ। ਅੱਜ ਦਾ ਯੁੱਗ ਕਲਿਆਣਕਾਰੀ ਰਾਜ ਦਾ ਯੁੱਗ ਹੈ। ਵਿਅਕਤੀ ਦੇ ਸਰਵਪੱਖੀ ਵਿਕਾਸ ਲਈ ਰਾਜ ਦੁਆਰਾ ਨਿੱਜੀ ਸੁਤੰਤਰਤਾ ਅਤੇ ਸਮਾਜਿਕ ਭਲਾਈ ਦੇ ਉਦੇਸ਼ ਦਾ ਸੰਤੁਲਨ ਬਣਾਕੇ ਚੱਲਿਆ ਜਾਂਦਾ ਹੈ। ਇਸ ਲਈ ਸਮਾਜਿਕ ਵਿਕਾਸ ਦਾ ਲਾਭ ਸਭਨਾਂ ਤਾਈਂ ਪਹੁੰਚਾਉਣ ਖਾਤਰ ਅਧਿਕਾਰਾਂ ਦੇ ਨਾਲ-ਨਾਲ ਕੁੱਝ ਰੋਕਾਂ ਦੀ ਹੋਂਦ ਇਕ ਅਣਸਰਦੀ ਲੋੜ ਹੈ।

**ਸਵੈ-ਅਭਿਆਸ ਲਈ ਪ੍ਰਸ਼ਨ-II**

1. ਕੁਦਰਤੀ ਅਧਿਕਾਰ ਕੀ ਹਨ?

   ..........................................................................................................................
   ..........................................................................................................................
   ..........................................................................................................................

2. ਨੈਤਿਕ ਅਤੇ ਕਾਨੂੰਨੀ ਅਧਿਕਾਰਾਂ ਵਿਚ ਕੀ ਅੰਤਰ ਹੈ?

   ..........................................................................................................................
   ..........................................................................................................................
   ..........................................................................................................................

3. ਵਿਅਕਤੀ ਨੂੰ ਪਰਿਵਾਰ ਦਾ ਅਧਿਕਾਰ ਮਿਲਣਾ ਕਿਉਂ ਜ਼ਰੂਰੀ ਹੈ?

   ..........................................................................................................................
   ..........................................................................................................................
   ..........................................................................................................................

4. ਸੰਪਤੀ ਦਾ ਅਧਿਕਾਰ ਕਿਉਂ ਹੋਣਾ ਚਾਹੀਦਾ ਹੈ?

   ..........................................................................................................................
   ..........................................................................................................................
   ..........................................................................................................................

5. ਕੰਮ ਦੇ ਅਧਿਕਾਰ ਦਾ ਕੀ ਅਰਥ ਹੈ?

   ..........................................................................................................................
   ..........................................................................................................................
   ..........................................................................................................................

6. ਆਰਥਿਕ ਸੁਰੱਖਿਆ ਦੇ ਅਧਿਕਾਰ ਦਾ ਕੀ ਭਾਵ ਹੈ?

   ..........................................................................................................................
   ..........................................................................................................................
   ..........................................................................................................................

7. ਅਧਿਕਾਰਾਂ ਦੀ ਸੁਰੱਖਿਆ ਲਈ ਸ਼ਕਤੀਆਂ ਦਾ ਵਿਕੇਂਦਰੀਕਰਣ ਕਿਉਂ ਜ਼ਰੂਰੀ ਹੈ?

.......................................................................................................

.......................................................................................................

.......................................................................................................

**ਮਹੱਤਵਪੂਰਨ ਸਵਾਲ**

1. ਅਧਿਕਾਰ ਕੀ ਹਨ? ਅਧਿਕਾਰਾਂ ਦੇ ਸਰੂਪ ਅਤੇ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ?
2. ਅਧਿਕਾਰਾਂ ਦੀਆਂ ਵੱਖ-ਵੱਖ ਕਿਸਮਾਂ ਦੱਸੋ ਅਤੇ ਨਾਗਗਰਿਕ ਅਧਿਕਾਰਾਂ ਦੀ ਵਿਸਥਾਰ ਵਿਚ ਚਰਚਾ ਕਰੋ?
3. ਨਾਗਰਿਕਾਂ ਨੂੰ ਕਿਹੜੇ-ਕਿਹੜੇ ਆਰਥਿਕ ਅਤੇ ਰਾਜਨੀਤਕ ਅਧਿਕਾਰ ਦਿੱਤੇ ਜਾਂਦੇ ਹਨ? ਵਿਸਥਾਰ ਵਿਚ ਚਰਚਾ ਕਰੋ।
4. ਅਧਿਕਾਰਾਂ ਦੀ ਪ੍ਰੀਭਾਸ਼ਾ ਕਰੋ ਅਤੇ ਅਧਿਕਾਰਾਂ ਦੀ ਸੁਰੱਖਿਆ ਲਈ ਜਰੂਰੀ ਉਪਾਵਾਂ ਦੀ ਵਿਆਖਿਆ ਕਰੋ।

### 1.3.8 ਸਵੈ-ਅਭਿਆਸ ਲਈ ਦਿੱਤੇ ਪ੍ਰਸ਼ਨਾਂ ਦੇ ਉੱਤਰ

**ਸਵੈ ਅਭਿਆਸ ਲਈ ਪ੍ਰਸ਼ਨ-I**

1. **ਅਧਿਕਾਰਾਂ ਦੀ ਵਿਅਕਤੀ ਲਈ ਮਹੱਤਤਾ** ਇਹ ਹੈ ਕਿ ਅਧਿਕਾਰਾਂ ਦੀ ਅਣਹੋਂਦ ਵਿਚ ਵਿਅਕਤੀ ਦੀ ਸਖਸ਼ੀਅਤ ਦਾ ਸਰਵਪੱਖੀ ਵਿਕਾਸ ਅਸੰਭਵ ਹੈ। ਸਮਾਜ ਦਾ ਵਿਕਾਸ ਵੀ ਵਿਅਕਤੀ ਦੇ ਆਪਣੇ ਵਿਕਾਸ ਉਪਰ ਨਿਰਭਰ ਹੈ। ਇਸ ਲਈ ਵਿਅਕਤੀ ਕੋਲ ਅਧਿਕਾਰ ਹੋਣੇ ਚਾਹੀਦੇ ਹਨ।
2. **ਅਧਿਕਾਰਾਂ ਤੋਂ ਭਾਵ** ਅਜਿਹੀਆਂ ਪ੍ਰਸਥਿਤੀਆਂ ਜਾਂ ਮੌਕਿਆਂ ਦਾ ਹੋਣਾ ਹੈ ਜਿਨ੍ਹਾਂ ਦੀ ਅਣਹੋਂਦ ਵਿਚ ਵਿਅਕਤੀ ਦਾ ਵਿਕਾਸ ਅਸੰਭਵ ਹੈ। ਇਹ ਵਿਅਕਤੀ ਦੇ ਉਹ ਦਾਅਵੇ ਜਾਂ ਮੰਗਾਂ ਹਨ ਜਿਨ੍ਹਾਂ ਨੂੰ ਸਮਾਜ ਮਾਨਤਾ ਦਿੰਦਾ ਹੈ ਅਤੇ ਰਾਜ ਦੁਆਰਾ ਇਹਨਾਂ ਨੂੰ ਲਾਗੂ ਕੀਤਾ ਜਾਂਦਾ ਹੈ।
3. **ਅਧਿਕਾਰਾਂ ਦੇ ਦੋ ਵਿਸ਼ੇਸ਼ ਪੱਖ ਹਨ ਇਹ ਹਨ** ਵਿਅਕਤੀਗਤ ਅਤੇ ਸਮਾਜਿਕ। ਵਿਅਕਤੀਗਤ ਪੱਖ ਤੋਂ ਭਾਵ ਇਹ ਹੈ ਕਿ ਅਧਿਕਾਰ ਵਿਅਕਤੀ ਦੇ ਆਪਣੇ ਵਿਕਾਸ ਨਾਲ ਸਬੰਧਿਤ ਹਨ ਜਦਕਿ ਸਮਾਜਿਕ ਪੱਖ ਦਾ ਅਰਥ ਇਹ ਹੈ ਕਿ ਅਧਿਕਾਰ ਸਮਾਜਿਕ ਭਲਾਈ ਲਈ ਹੁੰਦੇ ਹਨ। ਅਧਿਕਾਰਾਂ ਦੇ ਹੋਂਦ ਵਿਚ ਆਉਣ ਲਈ ਵਿਅਕਤੀ ਅਤੇ ਸਮਾਜ ਦੇ ਹਿੱਤਾਂ ਦੀ ਇਕਸਾਰਤਾ ਜ਼ਰੂਰੀ ਹੈ।
4. **ਅਧਿਕਾਰ ਕੇਵਲ ਸਮਾਜ ਵਿਚ ਹੀ ਇਸ ਕਰਕੇ ਸੰਭਵ ਹਨ** ਕਿ ਅਧਿਕਾਰਾਂ ਨੂੰ ਲਾਗੂ ਕਰਨ ਲਈ ਕਿਸੇ ਸੰਸਥਾ ਦੀ ਅਣਹੋਂਦ ਦਾ ਅਰਥ ਹੈ ਕੋਈ ਅਧਿਕਾਰ ਹੈ ਹੀ ਨਹੀਂ। ਸਮਾਜ ਤੋਂ ਬਾਹਰ ਰਹਿ ਰਹੇ ਵਿਅਕਤੀ ਦੇ ਦਾਅਵੇ ਅਤੇ ਮੰਗਾਂ ਨੂੰ ਪ੍ਰਵਾਨ ਕਿਸ ਦੁਆਰਾ ਕੀਤਾ ਜਾਵੇਗਾ? ਅਤੇ ਕੌਣ ਉਸਨੂੰ ਲਾਗੂ ਕਰਵਾਏਗਾ?
5. **ਅਧਿਕਾਰਾਂ ਉੱਪਰ ਰੋਕਾਂ** ਇਸ ਕਰਕੇ ਲਗਾਈਆਂ ਜਾਂਦੀਆਂ ਹਨ ਤਾਂ ਕਿ ਸਮਾਜਿਕ ਹਿੱਤਾਂ ਦਾ ਨੁਕਸਾਨ ਨਾ ਹੋਵੇ। ਵਿਅਕਤੀ ਦੇ ਆਪਣੇ ਸੱਚੇ ਹਿੱਤਾਂ ਨੂੰ ਬਚਾਉਣ ਲਈ ਵੀ ਰੋਕਾਂ ਜਰੂਰੀ ਹਨ। ਉਦਾਹਰਣ ਵਜੋਂ, ਇਕ ਅਤਿ ਸ਼ਰਾਬੀ ਵਿਅਕਤੀ ਨੂੰ ਵਾਹਨ ਚਲਾਉਣ ਤੋਂ ਰੋਕਣਾ ਜ਼ਰੂਰੀ ਹੈ ਤਾਂ ਕਿ ਉਸਦੇ ਜੀਵਨ ਦੇ ਅਧਿਕਾਰ ਨੂੰ ਸੁਨਿਸ਼ਚਿਤ ਕੀਤਾ ਜਾ ਸਕੇ।
6. **ਅਧਿਕਾਰਾਂ ਦੇ ਸਰਵਵਿਆਪੀ** ਹੋਣ ਦਾ ਅਰਥ ਇਹ ਹੈ ਕਿ ਅਧਿਕਾਰ ਜਾਤ, ਧਰਮ, ਲਿੰਗ, ਧਨ, ਆਦਿ, ਦੇ ਵਿਤਕਰੇ ਤੋਂ ਬਿਨਾਂ ਸਭਨਾਂ ਲਈ ਸਮਾਨ ਹੁੰਦੇ ਹਨ। ਰਾਜ ਦੁਆਰਾ ਬਿਨਾਂ ਕਿਸੇ ਪੱਖਪਾਤ ਤੋਂ ਸਭਨਾਂ ਨਾਗਰਿਕਾਂ ਨੂੰ ਸਮਾਨ ਅਧਿਕਾਰ ਪ੍ਰਦਾਨ ਕੀਤੇ ਜਾਂਦੇ ਹਨ।
7. **ਅਧਿਕਾਰ ਅਤੇ ਕਰਤੱਵ** ਨਾਲੋਂ-ਨਾਲ ਚਲਦੇ ਹਨ। ਇਕ ਦਾ ਅਧਿਕਾਰ ਦੂਸਰਿਆਂ ਦਾ ਕਰਤੱਵ ਬਣ ਜਾਂਦਾ ਹੈ। ਇਸੇ ਪ੍ਰਕਾਰ ਦੂਸਰਿਆਂ ਦੇ ਅਧਿਕਾਰ ਵਿਅਕਤੀ ਦਾ ਕਰਤੱਵ ਬਣ ਜਾਂਦੇ ਹਨ। ਜੇਕਰ ਮੇਰਾ ਇਹ ਅਧਿਕਾਰ ਹੈ ਕਿ ਮੇਰੇ ਘਰ ਦੀ ਸ਼ਾਂਤੀ ਨੂੰ ਕੋਈ ਭੰਗ ਨਾ ਕਰੇ ਤਾਂ ਮੇਰਾ ਵੀ ਇਹ ਕਰਤੱਵ ਬਣ ਜਾਂਦਾ ਹੈ ਕਿ ਮੈਂ ਕਿਸੇ ਦੇ ਘਰ ਦੀ ਸ਼ਾਂਤੀ ਭੰਗ ਨਾ ਕਰਾਂ।

**ਸਵੈ-ਅਭਿਆਸ ਲਈ ਪ੍ਰਸ਼ਨ-II**

1. **ਕੁਦਰਤੀ ਅਧਿਕਾਰਾਂ** ਤੋਂ ਭਾਵ ਉਹ ਅਧਿਕਾਰ ਹਨ ਜੋ ਵਿਅਕਤੀਆਂ ਨੂੰ ਸਮਾਜ ਅਤੇ ਰਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਪ੍ਰਾਪਤ ਸਨ। ਇਹਨਾਂ ਵਿਚ ਜੀਵਨ, ਸੁਤੰਤਰਤਾ ਅਤੇ ਸੰਪਤੀ ਦਾ ਅਧਿਕਾਰ ਸ਼ਾਮਿਲ ਹੈ।
2. **ਨੈਤਿਕ ਅਧਿਕਾਰ** ਦੀ ਮਾਨਤਾ ਪਿੱਛੇ ਕੇਵਲ ਸਮਾਜ ਦੀ ਨੈਤਿਕਤਾ ਹੀ ਇਕੋ ਇਕ ਸ਼ਕਤੀ ਹੈ ਜਦਕਿ **ਕਾਨੂੰਨੀ**

**ਅਧਿਕਾਰ** ਉਹ ਹਨ ਜਿਨ੍ਹਾਂ ਦੀ ਪਾਲਣਾ ਲਈ ਅਦਾਲਤ ਦਾ ਸਹਾਰਾ ਲਿਆ ਜਾ ਸਕਦਾ ਹੈ।

3. **ਪਰਿਵਾਰ ਦੇ ਅਧਿਕਾਰ** ਰਾਹੀਂ ਵਿਅਕਤੀ ਆਪਣੀ ਇੱਛਾ ਅਨੁਸਾਰ ਵਿਆਹ ਕਰਵਾ ਸਕਦਾ ਹੈ, ਆਪਣੀ ਕਾਮ-ਤ੍ਰਿਪਤੀ (Sexual Satisfaction) ਕਰ ਸਕਦਾ ਹੈ ਅਤੇ ਬੱਚੇ ਪੈਦਾ ਕਰ ਸਕਦਾ ਹੈ। ਪਰਿਵਾਰ ਦੇ ਮੈਂਬਰਾਂ ਦੇ ਅਧਿਕਾਰ ਨਿਸ਼ਚਿਤ ਹੋ ਜਾਂਦੇ ਹਨ।
4. **ਸੰਪਤੀ ਦਾ ਅਧਿਕਾਰ** ਇਸ ਕਰਕੇ ਜ਼ਰੂਰੀ ਹੈ ਕਿ ਸੰਪਤੀ ਵਿਅਕਤੀ ਦੀ ਸਖਸ਼ੀਅਤ ਦਾ ਹੀ ਪਸਾਰ ਹੈ ਅਤੇ ਉਸਨੂੰ ਕੰਮ ਕਰਨ ਦਾ ਉਤਸ਼ਾਹ ਵੀ ਸੰਪਤੀ ਦੇ ਅਧਿਕਾਰ ਤੋਂ ਹੀ ਮਿਲਦਾ ਹੈ।
5. **ਕੰਮ ਦੇ ਅਧਿਕਾਰ** ਤੋ ਭਾਵ ਇਹ ਹੈ ਕਿ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਕੰਮ ਮਿਲਣਾ ਚਾਹੀਦਾ ਹੈ। ਇਹ ਅਧਿਕਾਰ ਬੇਰੁਜ਼ਗਾਰੀ ਦੀ ਹਾਲਤ ਵਿਚ ਵਿਅਕਤੀ ਨੂੰ ਰਾਜ ਤੋਂ ਬੇਰੁਜ਼ਗਾਰੀ ਭੱਤਾ ਹਾਸਿਲ ਕਰਨ ਦੇ ਯੋਗ ਬਣਾਉਂਦਾ ਹੈ।
6. **ਆਰਥਿਕ ਸੁਰੱਖਿਆ** ਤੋਂ ਭਾਵ ਬੇਰੁਜ਼ਗਾਰੀ, ਬੁਢਾਪਾ, ਨਕਾਰਾਪਣ ਜਾਂ ਅੰਗਹੀਣਤਾ, ਬੀਮਾਰੀ, ਆਦਿ, ਦੀ ਹਾਲਤ ਵਿਚ ਰਾਜ ਦੁਆਰਾ ਵਿਅਕਤੀ ਨੂੰ ਆਰਥਿਕ ਪੱਖੋਂ ਸਹਾਇਤਾ ਕਰਨਾ ਹੈ। ਆਰਥਿਕ ਸੁਰੱਖਿਆ ਪ੍ਰਦਾਨ ਕਰਨ ਨਾਲ ਵਿਅਕਤੀ ਸੁਰੱਖਿਅਤ ਮਹਿਸੂਸ ਕਰਦਾ ਹੈ ਅਤੇ ਇਸ ਲਈ ਵਧੇਰੇ ਬੱਚੇ ਹੋਣ ਦੀ ਇੱਛਾ ਨਹੀਂ ਕਰਦਾ।
7. **ਸ਼ਕਤੀਆਂ ਦਾ ਵਿਕੇਂਦਰੀਕਰਣ** ਇਸ ਲਈ ਜਰੂਰੀ ਹੈ ਕਿ ਸ਼ਕਤੀ ਭ੍ਰਿਸ਼ਟ ਕਰਦੀ ਹੈ ਅਤੇ ਜੇਕਰ ਸ਼ਕਤੀਆਂ ਦਾ ਕੇਂਦਰ ਇਕੋ ਹੋਵੇਗਾ ਤਾਂ ਸ਼ਕਤੀਧਾਰੀ ਨਾਗਰਿਕਾਂ ਦੇ ਅਧਿਕਾਰਾਂ ਦੀ ਅਵੱਗਿਆ ਕਰ ਸਕਦਾ ਹੈ। ਸ਼ਕਤੀ ਵਿਕੇਂਦਰਿਤ ਹੋਣ ਨਾਲ ਸ਼ਕਤੀ ਦੇ ਵੱਖ-ਵੱਖ ਕੇਂਦਰ ਇਕ-ਦੂਜੇ ਦੀ ਸ਼ਕਤੀ ਉਪਰ ਰੋਕ ਦਾ ਕੰਮ ਕਰਦੇ ਹਨ।

**1.3.9 ਸੁਝਾਈਆਂ ਪੁਸਤਕਾਂ**

1. O.P. Gauba : An Introduction to Political Theory
2. S.S. Nanda : Political Theory (Punjabi Medium)
3. J.S. Badyal : Political Theory (Punjabi Medium)
4. Sushila Ramaswamy : Political Theory
5. John Hoffmann : Political Theory
6. Andrew Heywood : Politics
7. www.wikipedia.org
8. www.amazon.com/books

ਪਾਠ ਨੰ. : 1.4 ਲੇਖਕ: ਅਜੀਤ ਪਾਲ ਸਿੰਘ

# ਕਰਤੱਵ: ਅਰਥ, ਅਧਿਕਾਰ ਅਤੇ ਕਰਤੱਵਾਂ ਵਿੱਚ ਸੰਬੰਧ

**(Duties: Meaning, Relationship between Rights and Duties)**

ਪਾਠ ਦੀ ਰੂਪਰੇਖਾ

1.4.1 ਪਾਠ ਦਾ ਉਦੇਸ਼ (Objectives)
1.4.2 ਭੂਮਿਕਾ (Introduction)
1.4.3 ਕਰਤੱਵ ਦੇ ਅਰਥ ਅਤੇ ਪ੍ਰੀਭਾਸ਼ਾ (Meaning and Definition of Duty)
1.4.4 ਕਰਤੱਵਾਂ ਦੀਆਂ ਕਿਸਮਾਂ (Types of Duties)
1.4.5 ਨਾਗਰਿਕਾਂ ਦੇ ਕਰਤੱਵ (Duties of Citizens)
1.4.6 ਅਧਿਕਾਰਾਂ ਅਤੇ ਕਰਤੱਵਾਂ ਵਿੱਚ ਸੰਬੰਧ (Relationship between Rights and Duties)
1.4.7 ਸਿੱਟਾ (Conclusion)
1.4.8 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ (Answer to Self Check Exercises)
1.4.9 ਸੁਝਾਈਆਂ ਪੁਸਤਕਾਂ (Suggested Readings)

**1.4.1 ਉਦੇਸ਼ (Objectives of the Lesson):**

ਇਸ ਪਾਠ ਵਿੱਚ ਅਸੀਂ ਕਰਤੱਵ ਦੇ ਅਰਥ, ਪ੍ਰੀਭਾਸ਼ਾ, ਵਿਭਿੰਨ ਕਿਸਮਾਂ ਅਤੇ ਮੁੱਖ ਤੌਰ ਤੇ ਅਧਿਕਾਰਾਂ ਅਤੇ ਕਰਤੱਵਾਂ ਦੇ ਸੰਬੰਧਾਂ ਦਾ ਵਰਣਨ ਕਰਾਂਗੇ।

**1.4.2 ਭੂਮਿਕਾ (Introduction):** ਅਧਿਕਾਰ ਅਤੇ ਕਰਤੱਵ ਪਰਸਪਰ ਸੰਬੰਧਿਤ ਹਨ। ਜਿਥੇ ਵਿਅਕਤੀ ਦੇ ਵਿਕਾਸ ਲਈ ਰਾਜ ਅਤੇ ਸਮਾਜ ਉਸ ਨੂੰ ਅਨੇਕਾਂ ਅਧਿਕਾਰ ਦਿੰਦੇ ਹਨ, ਉਥੇ ਵਿਅਕਤੀ ਕੋਲੋਂ ਸਮਾਜ ਅਤੇ ਰਾਜ ਕੁਝ ਕਰਤੱਵਾਂ ਦੀ ਆਸ ਵੀ ਰੱਖਦੇ ਹਨ। ਅਧਿਕਾਰ ਅਤੇ ਕਰਤੱਵ ਇਕੋ ਸਿੱਕੇ ਦੇ ਦੋ ਪਾਸੇ ਹਨ। ਇੱਕ ਵਿਅਕਤੀ ਦਾ ਅਧਿਕਾਰ ਸਮਾਜ ਦੇ ਦੂਸਰੇ ਵਿਅਕਤੀਆਂ ਦਾ ਕਰਤੱਵ ਬਣ ਜਾਂਦਾ ਹੈ। ਵਿਅਕਤੀ ਸਮਾਜ ਤੋਂ ਜੋ ਹਾਸਲ ਕਰਦਾ ਹੈ, ਉਸੇ ਹੀ ਰੂਪ ਵਿੱਚ ਉਹ ਸਮਾਜ ਪ੍ਰਤੀ ਦੇਣਦਾਰ ਵੀ ਹੈ। ਦੂਸਰਿਆਂ ਦੇ ਅਧਿਕਾਰ ਵਿਅਕਤੀ ਦਾ ਕਰਤੱਵ ਬਣ ਜਾਂਦੇ ਹਨ। ਅਰਥਾਤ, ਮੇਰਾ ਅਧਿਕਾਰ ਦੂਸਰਿਆਂ ਦਾ ਕਰਤੱਵ ਹੈ ਅਤੇ ਦੂਸਰਿਆਂ ਦਾ ਅਧਿਕਾਰ ਮੇਰਾ ਕਰਤੱਵ ਹੈ।

**1.4.3 ਕਰਤੱਵ ਦੇ ਅਰਥ ਅਤੇ ਪ੍ਰੀਭਾਸ਼ਾ :**

**(Meaning and Definition of Duty)**

ਕਰਤੱਵ (Duty) ਸ਼ਬਦ ਅੰਗਰੇਜ਼ੀ ਦੇ ਸ਼ਬਦ 'Debt' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ 'ਕਰਜ਼ਾ'। ਇਸ ਲਈ ਕਰਤੱਵ ਇੱਕ ਤਰ੍ਹਾਂ ਦਾ ਕਰਜ਼ਾ ਹੈ, ਜਿਸਨੂੰ ਕਿ ਨਾਗਰਿਕ ਆਪਣੇ ਅਧਿਕਾਰਾਂ ਦੇ ਬਦਲੇ ਭੁਗਤਾਨ ਕਰਦੇ ਹਨ। ਕਰਤੱਵ ਤੋਂ ਭਾਵ ਉਹਨਾਂ ਕੰਮਾਂ ਤੋਂ ਹੈ ਜੋ ਵਿਅਕਤੀ ਆਪਣੇ ਹਿੱਤ ਲਈ ਆਪਣੀ ਇੱਛਾ ਅਨੁਸਾਰ ਨਹੀਂ ਸਗੋਂ ਨਿਸ਼ਚਿਤ ਨੈਤਿਕ ਸਿਧਾਂਤਾਂ ਅਤੇ ਕਾਨੂੰਨ ਵਿਅਕਤੀ ਲਈ ਕੁਝ ਕੰਮ ਕਰਨ ਲਈ ਅਤੇ

ਕੁਝ ਨਾ ਕਰਨ ਲਈ ਨਿਸ਼ਚਿਤ ਕਰਦੇ ਹਨ। ਇਨ੍ਹਾਂ ਨਿਸ਼ਚਿਤ ਕੰਮਾਂ ਦੀ ਪਾਲਣਾ ਨੂੰ ਹੀ ਕਰਤੱਵ ਕਿਹਾ ਜਾਂਦਾ ਹੈ। ਵਿਅਕਤੀ ਆਪਣੇ ਹਿੱਤਾਂ ਲਈ ਆਪਣੀ ਇੱਛਾ ਅਨੁਸਾਰ ਕੰਮ ਕਰਦਾ ਹੈ ਤੇ ਅਨੇਕਾਂ ਕੰਮ ਨਹੀਂ ਕਰਦਾ। ਆਪਣੀ ਇੱਛਾ ਅਨੁਸਾਰ ਕੰਮ ਕਰਨ ਨੂੰ ਕਰਤੱਵ ਨਹੀਂ ਕਿਹਾ ਜਾ ਸਕਦਾ ਕਿਉਂਕਿ ਅਜਿਹਾ ਕਰਨ ਨਾਲ ਸਮਾਜ ਵਿੱਚ ਅਰਾਜਕਤਾ ਫੈਲ ਜਾਵੇਗੀ। ਕੁਝ ਨਿਸ਼ਚਿਤ ਕੰਮਾਂ ਦੀ ਪਾਲਣਾ ਵਿਅਕਤੀ ਦੀ ਇੱਛਾ ਤੇ ਨਿਰਭਰ ਨਹੀਂ ਹੁੰਦਾ, ਬਲਕਿ ਇਨ੍ਹਾਂ ਕੰਮਾਂ ਦੀ ਪਾਲਣਾ ਕਰਨੀ ਵਿਅਕਤੀ ਲਈ ਲਾਜ਼ਮੀ ਹੁੰਦੀ ਹੈ।

ਡਾ. ਜ਼ਾਕਿਰ ਹੁਸੈਨ ਦੇ ਅਨੁਸਾਰ, ''ਕਰਤੱਵ ਆਗਿਆ ਦਾ ਅੰਧਾ-ਧੁੰਦ ਪਾਲਣ ਨਹੀਂ ਹੈ, ਸਗੋਂ ਇਹ ਆਪਣੀਆਂ ਬੰਦਿਸ਼ਾਂ ਤੇ ਜਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਤੀਬਰ ਇੱਛਾ ਹੈ।''

"Duty is not dumb obedience, it is an active desire to fulfil obligation and responsibilities." - Dr. Zakir Hussain.

### 1.4.4 ਕਰਤੱਵਾਂ ਦੀਆਂ ਕਿਸਮਾਂ (Types of Duties) :

ਮੁੱਖ ਰੂਪ ਵਿੱਚ ਕਰਤੱਵਾਂ ਦੀ ਵੰਡ ਤਿੰਨ ਸ਼੍ਰੇਣੀਆਂ ਵਿੱਚ ਕੀਤੀ ਜਾਂਦੀ ਹੈ:-

(i) ਨੈਤਿਕ ਕਰਤੱਵ (Moral Duties)

(ii) ਕਾਨੂੰਨੀ ਕਰਤੱਵ (Legal Duties)

(iii) ਮੌਲਿਕ ਕਰਤੱਵ (Fundamental Duties)

**ਨੈਤਿਕ ਕਰਤੱਵਾਂ (Moral Duties)** ਤੋਂ ਭਾਵ ਉਨ੍ਹਾਂ ਕਰਤੱਵਾਂ ਤੋਂ ਹੈ ਜਿਨ੍ਹਾਂ ਪਿੱਛੇ ਕੋਈ ਕਾਨੂੰਨੀ ਸ਼ਕਤੀ ਨਹੀਂ ਹੁੰਦੀ। ਭਾਵ ਕਿ ਅਜਿਹੇ ਕਰਤੱਵ, ਜਿਨ੍ਹਾਂ ਦੀ ਉਲੰਘਣਾ ਕਰਨ ਨਾਲ ਰਾਜ ਦੇ ਕਿਸੇ ਕਾਨੂੰਨ ਦੀ ਉਲੰਘਣਾ ਨਹੀਂ ਹੁੰਦੀ ਅਤੇ ਜਿੰਨ੍ਹਾਂ ਦੀ ਪਾਲਣਾ ਕਰਾਉਣ ਲਈ ਕਾਨੂੰਨ ਦੀ ਸ਼ਰਨ ਨਹੀਂ ਲਈ ਜਾ ਸਕਦੀ, ਨੈਤਿਕ ਕਰਤੱਵ ਅਖਵਾਉਂਦੇ ਹਨ। ਉਦਾਹਰਣ ਦੇ ਤੌਰ ਤੇ ਹਰੇਕ ਵਿਅਕਤੀ ਦਾ ਕਰਤੱਵ ਹੈ ਕਿ ਉਹ ਆਪਣੇ ਬਜ਼ੁਰਗਾਂ ਦੀ ਸੇਵਾ ਕਰੇ ਅਤੇ ਉਨ੍ਹਾਂ ਦੀ ਦੇਖਭਾਲ ਕਰੇ। ਪਰ ਜੇਕਰ ਕੋਈ ਵਿਅਕਤੀ ਅਜਿਹੇ ਕਰਤੱਵ ਦੀ ਪਾਲਣਾ ਨਹੀਂ ਕਰਦਾ ਤਾਂ ਰਾਜ ਜਾਂ ਕੋਈ ਕਾਨੂੰਨ ਉਸਨੂੰ ਅਜਿਹਾ ਕਰਨ ਲਈ ਮਜ਼ਬੂਰ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਸਜ਼ਾ ਦੇ ਸਕਦਾ ਹੈ। ਇਹ ਨੈਤਿਕ ਕਰਤੱਵ ਇਸ ਕਰਕੇ ਅਖਵਾਉਂਦੇ ਹਨ ਕਿਉਂਕਿ ਇਨ੍ਹਾਂ ਪਿੱਛੇ ਕੋਈ ਕਾਨੂੰਨੀ ਸ਼ਕਤੀ ਨਹੀਂ ਹੁੰਦੀ।

**ਕਾਨੂੰਨੀ ਕਰਤੱਵ (Leagal Duties)** ਉਹ ਹੁੰਦੇ ਹਨ, ਜਿਨ੍ਹਾਂ ਦੀ ਉਲੰਘਣਾ ਹੋਣ ਨਾਲ ਰਾਜ ਦੇ ਕਿਸੇ ਕਾਨੂੰਨ ਦੀ ਉਲੰਘਣਾ ਹੁੰਦੀ ਹੈ ਅਤੇ ਜਿਨ੍ਹਾਂ ਦੀ ਪਾਲਣਾ ਕਰਵਾਉਣ ਲਈ ਰਾਜ ਦੇ ਕਾਨੂੰਨ ਦੀ ਸ਼ਰਨ ਲਈ ਜਾ ਸਕਦੀ ਹੈ। ਜੋ ਨਾਗਰਿਕ ਆਪਣੇ ਕਾਨੂੰਨੀ ਕਰਤੱਵਾਂ ਦੀ ਪਾਲਣਾ ਨਹੀਂ ਕਰਦਾ ਸਗੋਂ ਆਪਣੇ ਕਰਤੱਵਾਂ ਦੀ ਉਲੰਘਣਾ ਕਰਦਾ ਹੈ ਤਾਂ ਰਾਜ ਦੇ ਕਾਨੂੰਨ ਦੁਆਰਾ ਉਸਨੂੰ ਸਜ਼ਾ ਦਿੱਤੀ ਜਾਂਦੀ ਹੈ। ਉਦਾਹਰਨ ਵਜੋਂ, ਰਾਜ ਦੁਆਰਾ ਲਗਾਏ ਗਏ ਕਰਾਂ ਨੂੰ ਸਰਕਾਰੀ ਖਜ਼ਾਨੇ ਵਿੱਚ ਜਮ੍ਹਾ ਕਰਾਉਣਾ ਨਾਗਰਿਕਾਂ ਦਾ ਕਾਨੂੰਨੀ ਕਰਤੱਵ ਹੈ, ਜੋ ਨਾਗਰਿਕ ਆਪਣੇ ਇਸ ਕਾਨੂੰਨੀ ਕਰਤੱਵ ਦੀ ਉਲੰਘਣਾ ਕਰਦਾ ਹੈ ਤੇ ਪਾਲਣਾ ਨਹੀਂ ਕਰਦਾ ਤਾਂ ਉਸ ਵਿਰੁੱਧ ਰਾਜ ਦੇ ਕਾਨੂੰਨ ਵਲੋਂ ਕਾਰਵਾਈ ਕੀਤੀ ਜਾਂਦੀ ਹੈ ਅਤੇ ਕਰ ਵਸੂਲ ਕੀਤੇ ਜਾਂਦੇ ਹਨ। ਕਾਨੂੰਨ ਦੇ ਅਨੁਸਾਰ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

**ਮੌਲਿਕ ਕਰਤੱਵਾਂ (Fundamental Duties)** ਦਾ ਅਰਥ ਅਜਿਹੇ ਅਰਥਾਂ ਤੋਂ ਹੈ ਜਿਨ੍ਹਾਂ ਦੀ ਪਾਲਣਾ ਵਿਅਕਤੀਗਤ ਵਿਕਾਸ ਅਤੇ ਸਮਾਜਿਕ ਕਲਿਆਣ ਲਈ ਜ਼ਰੂਰੀ ਹੈ। ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਕਰਤੱਵਾਂ ਦੀ ਵਿਵਸਥਾ Article 51- A (Part IV-A) ਦੇ ਅਧੀਨ 42ਵੀਂ ਸੋਧ ਦੁਆਰਾ 1976 ਨੂੰ ਕੀਤੀ ਗਈ। ਮੌਲਿਕ ਕਰਤੱਵ ਉਨ੍ਹਾਂ ਕਰਤੱਵਾਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਵਿਵਸਥਾ ਸਰਵ-ਉੱਚ ਸੰਵਿਧਾਨ ਵਿੱਚ ਕੀਤੀ

ਜਾਂਦੀ ਹੈ ਅਤੇ ਜਿਨ੍ਹਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਲੋੜੀਂਦੀਆਂ ਵਿਵਸਥਾਵਾਂ ਸੰਵਿਧਾਨ ਵਿੱਚ ਕੀਤੀਆਂ ਜਾਂਦੀਆਂ ਹਨ। ਸਮਾਜਵਾਦੀ ਦੇਸ਼ਾਂ ਜਿਵੇਂ ਕਿ ਚੀਨ, ਕਿਊਬਾ ਆਦਿ ਦੇ ਸੰਵਿਧਾਨਾਂ ਵਿੱਚ ਮੌਲਿਕ ਕਰਤੱਵਾਂ ਦੀ ਵਿਵਸਥਾ ਕੀਤੀ ਗਈ ਹੈ ਜਿਸ ਪਿਛੇ ਕਾਨੂੰਨੀ ਸ਼ਕਤੀ ਹੈ। ਸਾਬਕਾ ਸੋਵੀਅਤ ਸੰਘ ਵਿੱਚ ਵੀ ਕਾਨੂੰਨੀ ਤੌਰ 'ਤੇ ਮੌਲਿਕ ਕਰਤੱਵਾਂ ਦੀ ਵਿਵਸਥਾ ਕੀਤੀ ਗਈ ਸੀ। ਸਮਾਜਵਾਦੀ ਦੇਸ਼ਾਂ ਤੋਂ ਇਲਾਵਾ ਕੁਝ ਪੱਛਮੀ ਯੂਰਪ ਦੇ ਲੋਕਤੰਤਰੀ ਦੇਸ਼ਾਂ ਦੇ ਸੰਵਿਧਾਨਾਂ ਵਿੱਚੋਂ ਵੀ ਕਰਤੱਵਾਂ ਦੀ ਵਿਵਸਥਾ ਕੀਤੀ ਗਈ ਹੈ।

**ਸਵੈ ਅਭਿਆਸ ਲਈ ਪ੍ਰਸ਼ਨ (1)**

(i) ਕਰਤੱਵ ਦੀ ਪ੍ਰੀਭਾਸ਼ਾ ਦਿਉ।

(ii) ਕਰਤੱਵਾਂ ਦੀਆਂ ਕਿੰਨੀਆਂ ਕਿਸਮਾਂ ਹਨ?

(iii) ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਕਰਤੱਵਾਂ ਦੀ ਵਿਵਸਥਾ ਕਦੋਂ ਕੀਤੀ ਗਈ?

**1|4.5 ਨਾਗਰਿਕਾਂ ਦੇ ਕਰਤੱਵ (Duties of Citizens) :**

ਮੁੱਖ ਤੌਰ ਤੇ ਨਾਗਰਿਕਾਂ ਦੇ ਕਰਤੱਵਾਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ:-

**1.4.5.1 ਰਾਜ ਪ੍ਰਤੀ ਨਿਸ਼ਠਾ ਦਾ ਕਰਤੱਵ** : ਨਾਗਰਿਕਾਂ ਪਾਸੋਂ ਜਿਨ੍ਹਾਂ ਅਨੇਕ ਸਰਵਜਨਿਕ ਕਰਤੱਵਾਂ ਦੀ ਪਾਲਣਾ ਕਰਨ ਦੀ ਆਸ ਕੀਤੀ ਜਾਂਦੀ ਹੈ, ਉਨ੍ਹਾਂ ਵਿਚੋਂ ਸਭ ਤੋਂ ਪਹਿਲਾ ਸਥਾਨ, ਨਿਸ਼ਚਿਤ ਰੂਪ ਵਿਚ 'ਰਾਜ ਪ੍ਰਤੀ ਨਿਸ਼ਚਾ' ਜਾਂ 'ਰਾਜ ਭਗਤੀ' ਦੇ ਕਰਤੱਵ ਨੂੰ ਦਿੱਤਾ ਜਾਂਦਾ ਹੈ। ਇਸ ਉੱਤੇ ਹੀ ਰਾਜ ਦੀ ਹੋਂਦ ਅਤੇ ਉਸ ਦੀ ਸੁਰੱਖਿਆ ਨਿਰਭਰ ਹੈ। ਹਰੇਕ ਨਾਗਰਿਕ ਦਾ ਕਰਤੱਵ ਹੈ ਕਿ ਉਹ ਨਾਗਰਿਕ ਆਪਣੇ ਰਾਜ ਪ੍ਰਤੀ ਨਿਸ਼ਠਾ ਭਰੀ ਭਾਵਨਾ ਰਖੇ। ਉਸ ਨੂੰ ਆਪਣੀ ਹਾਰਦਿਕ ਨਿਸ਼ਠਾ ਬਿਨਾਂ ਕਿਸੇ ਸ਼ਰਤ ਦੇ ਰਾਜ ਨੂੰ ਅਰਪਿਤ ਕਰ ਦੇਣੀ ਚਾਹੀਦੀ ਹੈ ਅਤੇ ਦੂਜੀਆਂ ਸਾਰੀਆਂ ਨਿਸ਼ਠਾਵਾਂ ਨੂੰ ਭਾਵੇਂ ਉਹ ਆਪਣੇ ਖ਼ਾਸ ਫਿਰਕੇ (sectional) ਅਤੇ ਇਲਾਕੇ (regional) ਪ੍ਰਤੀ ਹੋਣ ਜਾਂ ਪ੍ਰਾਦੇਸ਼ਿਕ (extra-territorial) ਹੋਣ, ਰਾਜ-ਨਿਸ਼ਠਾ ਦੇ ਅਧੀਨ ਕਰ ਦੇਣੀ ਚਾਹੀਦੀ ਹੈ।

**1.4.5.2 ਆਗਿਆਕਾਰਿਤਾ ਦਾ ਕਰਤੱਵ** : ਰਾਜ ਦੇ ਕਾਨੂੰਨਾਂ ਅਤੇ ਸੰਸਥਾਵਾਂ ਦੀ ਆਗਿਆਵਾਂ ਦਾ ਪਾਲਣ ਅਤੇ ਸਨਮਾਨ ਕਰਨਾ ਨਾਗਰਿਕ ਦਾ ਦੂਜਾ ਮਹੱਤਵਪੂਰਨ ਸਾਰਵਜਨਿਕ ਕਰਤੱਵ (public duty) ਹੈ। ਸਮਾਜ ਦੀ ਸ਼ਾਂਤੀਪੂਰਨ ਅਤੇ ਵਿਵਸਥਿਤ (orderly) ਪ੍ਰਗਤੀ ਲਈ ਜ਼ਰੂਰੀ ਹੈ ਕਿ ਜਨਤਾ ਰਾਜ ਦੇ ਕਾਨੂੰਨਾਂ ਅਤੇ ਸੰਸਥਾਵਾਂ ਦਾ ਆਦਰ ਕਰੇ ਅਤੇ ਹਰੇਕ ਨਾਗਰਿਕ ਰਾਜ ਅਤੇ ਵਿਧਾਨਕ ਸ਼ਾਸਨ ਦੇ ਕਾਨੂੰਨਾਂ ਅਤੇ ਆਗਿਆਵਾਂ ਦਾ ਪਾਲਨ ਕਰੇ। ਲੋਕਤੰਤਰੀ ਸਮਾਜ ਵਿੱਚ ਕਾਨੂੰਨੀ ਸ਼ਾਸਨ ਅਤੇ ਕਾਨੂੰਨ ਦੀ ਪਾਲਣਾ ਦੀ ਭਾਵਨਾ ਦਾ ਹੋਣਾ ਜ਼ਰੂਰੀ ਹੈ।

**1.4.5.3 ਕਰ ਆਦਿ ਚੁਕਾਉਣ ਦਾ ਕਰਤੱਵ** : ਅੱਜ ਰਾਜ ਦਾ ਕਰਤੱਵ ਕੇਵਲ ਪੁਲਿਸ ਕਾਰਜ ਕਰਨ ਤਕ ਹੀ ਸੀਮਿਤ ਨਹੀਂ ਰਿਹਾ, ਸਗੋਂ ਲੋਕ-ਕਲਿਆਣ ਦਾ ਸਾਧਨ ਵੀ ਬਣ ਗਿਆ ਹੈ, ਜਿਸ ਕਾਰਨ ਰਾਜ ਦਾ ਕਾਰਜ-ਖੇਤਰ ਬਹੁਤ ਵਿਸਤ੍ਰਿਤ ਅਤੇ ਵਿਆਪਕ ਹੋ ਗਿਆ ਹੈ। ਇਸ ਸਭ ਲਈ ਇਹ ਜ਼ਰੂਰੀ ਹੈ ਕਿ ਰਾਜ ਪਾਸ ਵਿਸ਼ਾਲ ਸਰਵਜਨਿਕ ਕੋਸ਼ ਹੋਵੇ। ਇਸੇ ਕਾਰਨ ਨਾਗਰਿਕਾਂ ਨੂੰ ਕਰ, ਲਗਾਨ, ਉਪਕਰ (cesses), ਡਿਊਟੀ ਆਦਿ ਚੁਕਾਉਣ ਲਈ ਕਿਹਾ ਜਾ ਸਕਦਾ ਹੈ। ਹਰੇਕ ਨਾਗਰਿਕ ਦਾ ਕਰਤੱਵ ਹੈ ਕਿ ਉਹ ਜਨਤਾ ਦੇ ਪ੍ਰਤੀਨਿਧੀਆਂ ਰਾਹੀਂ ਲਗਾਏ ਵਿਵਿਧ ਕਰ ਰਾਜ ਨੂੰ ਚੁਕਾਏ। ਲੋਕਤੰਤਰ ਦੇ ਵਿਸ਼ੇ ਵਿਚ ਇਹ ਇਕ ਬਹੁਤ ਪ੍ਰਸਿੱਧ ਉਕਤੀ ਹੈ ਕਿ ਪ੍ਰਤੀਨਿਧਤਾ ਦੇ ਬਿਨਾਂ ਕਰ-ਆਰੋਪਣ (no taxation without representation) ਨਹੀਂ ਹੋਣਾ

ਚਾਹੀਦਾ।

**1.4.5.4 ਸ਼ਾਂਤੀ ਅਤੇ ਚੰਗੀ ਵਿਵਸਥਾ ਬਣਾਏ ਰੱਖਣ ਵਿੱਚ ਰਾਜ ਦੀ ਸਹਾਇਤਾ** : ਸਾਰੇ ਦੇਸ਼ਾਂ ਵਿੱਚ ਕਾਨੂੰਨ ਦੁਆਰਾ ਨਾਗਰਿਕਾਂ 'ਤੇ ਇਹ ਜ਼ਿੰਮੇਵਾਰੀ ਪਾਈ ਜਾਂਦੀ ਹੈ ਕਿ ਉਹ ਸਮਾਜ ਵਿਰੁੱਧ ਵਿਸ਼ੇਸ਼ ਪ੍ਰਕਾਰ ਦੇ ਗੰਭੀਰ ਅਪਰਾਧਾਂ ਦੀ ਘਟਨਾ ਜਾਂ ਉਸ ਦੇ ਯਤਨ ਬਾਰੇ ਪ੍ਰਾਪਤ ਹੋਣ ਵਾਲੀ ਸਾਰੀ ਸੂਚਨਾ ਸ਼ਾਸਕੀ ਅਧਿਕਾਰੀਆਂ ਨੂੰ ਦੇਣ। ਉਨ੍ਹਾਂ 'ਤੇ ਇਹ ਜ਼ਿੰਮੇਵਾਰੀ ਵੀ ਹੈ ਕਿ ਉਹ ਅਵਿਧਾਨਕ ਸਭਾਵਾਂ ਅਤੇ ਕਾਰਜਾਂ ਦਾ ਦਮਨ ਕਰਨ ਵਿਚ ਹਰ ਤਰ੍ਹਾਂ ਦੀ ਸੰਭਵ ਸਹਾਇਤਾ ਦੇਣ।

**1.4.5.5 ਮਤ ਦੇਣ ਅਤੇ ਚੇਤੰਨ ਰਹਿਣ ਦਾ ਕਰਤੱਵ** : ਮਤ-ਅਧਿਕਾਰ ਨਾਗਰਿਕਾਂ 'ਤੇ ਇਹ ਕਰਤੱਵ ਆਰੋਪਿਤ ਕਰਦਾ ਹੈ ਕਿ ਉਹ ਆਪਣਾ ਮਤ ਦੇਣ ਅਤੇ ਸ਼ਾਸਨ ਦੀਆਂ ਨੀਤੀਆਂ ਅਤੇ ਕਾਰਜਾਂ ਉੱਤੇ ਲਗਾਤਾਰ ਦੇਖਭਾਲ ਰੱਖਣ। ਜਿਹਾ ਕਿ ਪਿੱਛੇ ਕਿਹਾ ਜਾ ਚੁੱਕਾ ਹੈ, ਮਤ-ਅਧਿਕਾਰ ਤੋਂ ਬਿਨਾਂ ਨਾਗਰਿਕਾਂ ਦੇ ਹਿੱਤ ਸੁਰੱਖਿਅਤ ਨਹੀਂ ਰਹਿ ਸਕਦੇ। ਜੇ ਕਿਸੇ ਸੱਤਾ-ਪ੍ਰਦੱਤ ਅਧਿਕਾਰੀ 'ਤੇ ਅੰਕੁਸ਼ ਨਾ ਰਖਿਆ ਜਾਵੇ ਤਾਂ ਉਹ ਸੁਆਰਥੀ ਅਤੇ ਆਪ-ਹੁਦਰਾ ਬਣ ਜਾਂਦਾ ਹੈ। ਇਸ ਲਈ ਇਸ ਕਰਤੱਵ ਨੂੰ ਲਗਾਤਾਰ ਅਤੇ ਸੰਗਠਿਤ ਸਾਵਧਾਨੀ ਦੁਆਰਾ ਲਾਗੂ ਕੀਤਾ ਜਾਂਦਾ ਹੈ। ਪ੍ਰੋਫੈਸਰ *ਲਾਸਕੀ* ਨੇ ਕਿਹਾ ਹੈ, *''ਲੋਕਤੰਤਰ ਆਪਣੀ ਕੀਮਤ ਦੇ ਰੂਪ ਵਿੱਚ ਜਨਤਾ ਪਾਸੋਂ ਲਗਾਤਾਰ ਸਾਵਧਾਨੀ (eternal vigilance) ਦੀ ਮੰਗ ਕਰਦਾ ਹੈ।''*

## 1.4.6 ਅਧਿਕਾਰਾਂ ਅਤੇ ਕਰਤੱਵਾਂ ਵਿੱਚ ਸੰਬੰਧ : (Relationship between Rights and Duties)

ਅਧਿਕਾਰ ਅਤੇ ਕਰਤੱਵ ਪ੍ਰਸਪਰ ਸੰਬੰਧਿਤ ਹਨ। ਕਿਸੇ ਵੀ ਲੋਕਤੰਤਰਿਕ ਸਮਾਜ ਵਿੱਚ ਇਹ ਇਕੱਠੇ ਹੀ ਚੱਲਦੇ ਹਨ। ਪ੍ਰੋਫੈਸਰ **ਲਾਸਕੀ (Laski)** ਦਾ ਮਤ ਹੈ ਕਿ **''ਅਧਿਕਾਰਾਂ ਅਤੇ ਕਰਤੱਵਾਂ ਵਿੱਚ ਸਮਵਾਇ (correlation) ਹੁੰਦਾ ਹੈ।** ਮੈਨੂੰ ਅਧਿਕਾਰ ਇਸ ਲਈ ਪ੍ਰਾਪਤ ਹਨ ਕਿ ਮੈਂ ਸਮਾਜਿਕ ਉਦੇਸ਼ ਦੀ ਪੂਰਤੀ ਵਿੱਚ ਹਿੱਸਾ ਪਾ ਸਕਾਂ। ਮੈਨੂੰ ਕੁਝ ਲੈਣ ਦਾ ਅਧਿਕਾਰ ਨਹੀਂ, ਬਿਨ੍ਹਾਂ-ਘੱਟੋ-ਘਟ-ਇਹ ਯਤਨ ਕੀਤੇ ਕਿ ਮੈਨੂੰ ਜੋ ਕੁਝ ਮਿਲਿਆ ਹੈ, ਮੈਂ ਉਸ ਦਾ ਮੁੱਲ ਚੁਕਾਵਾਂ।.......ਕੋਈ ਭੁਗਤਾਨ ਕਿਸੇ ਰੂਪ ਵਿੱਚ ਹੋਵੇ, ਮੇਰੇ ਲਈ ਇਹ ਅਨੁਭਵ ਕਰਨਾ ਜ਼ਰੂਰੀ ਹੈ। ਅਧਿਕਾਰ ਮੈਨੂੰ ਇਸ ਲਈ ਮਿਲੇ ਹਨ ਕਿ ਮੈਂ ਆਪਣੇ ਨਿਯਤ ਕਰਤੱਵਾਂ ਨੂੰ ਪੂਰਾ ਕਰ ਰਿਹਾ ਹਾਂ।''

ਅਧਿਕਾਰ ਜਿਵੇਂ ਕਿ ਉੱਪਰ ਸਪੱਸ਼ਟ ਕੀਤਾ ਜਾ ਚੁੱਕਾ ਹੈ, ਸਮਾਜ ਤੋਂ ਅੱਡਰੇ ਜਾਂ ਸੁਤੰਤਰ ਨਹੀਂ ਹੁੰਦੇ , ਸਗੋਂ ਉਸ ਦੇ ਅੰਦਰ ਨਿਹਿਤ ਹੁੰਦੇ ਹਨ। ਰਾਜ ਵਿਅਕਤੀ ਨੂੰ ਅਧਿਕਾਰ ਕੇਵਲ ਇਸ ਲਈ ਨਹੀਂ ਦਿੰਦਾ ਕਿ ਇਸ ਨਾਲ ਉਸ ਦੇ ਵਿਅਕਤੀਤਵ ਦਾ ਵਿਕਾਸ ਹੁੰਦਾ ਹੈ, ਸਗੋਂ ਇਸ ਕਾਰਨ ਕਰਕੇ ਇਹ ਸਮਾਜਿਕ ਹਿੱਤ ਲਈ ਵੀ ਆਵੱਸ਼ਕ ਹੁੰਦੇ ਹਨ। *ਟੀ.ਐੱਚ ਗਰੀਨ (T.H. Green)* ਦੇ ਅਨੁਸਾਰ, ''ਅਧਿਕਾਰ ਆਪਣੇ ਉਦੇਸ਼ਾਂ ਲਈ ਵਰਤੀ ਜਾਣ ਵਾਲੀ ਉਹ ਸ਼ਕਤੀ ਹੈ ਜੋ ਸਮੂਹ ਨੇ ਵਿਅਕਤੀ ਨੂੰ ਇਸ ਆਧਾਰ ਤੇ ਦਿੱਤੀ ਹੈ ਕਿ ਉਹ ਸਮੂਹ ਦੇ ਭਲੇ ਲਈ ਵੱਧ ਤੋਂ ਵੱਧ ਯੋਗਦਾਨ ਦੇ ਸਕੇ।''

*ਲਾਸਕੀ* (Laski) ਦੇ ਅਨੁਸਾਰ, ''ਅਧਿਕਾਰ ਉਨ੍ਹਾਂ ਸਮਾਜਿਕ ਪ੍ਰਸਥਿਤੀਆਂ ਦਾ ਨਾਂ ਹੈ ਜਿਨ੍ਹਾਂ ਤੋਂ ਬਗੈਰ ਕੋਈ ਵਿਅਕਤੀ ਪੂਰਵ ਤੌਰ 'ਤੇ ਵਿਕਾਸ ਨਹੀਂ ਕਰ ਸਕਦਾ।'' *ਮਨੁੱਖੀ ਅਧਿਕਾਰਾਂ ਦੇ ਘੋਸ਼ਣਾ-ਪੱਤਰ* (UDHR: 1948) ਵਿੱਚ ਕਿਹਾ ਗਿਆ ਹੈ ਕਿ ''ਹਰੇਕ ਮਨੁੱਖ ਦੇ ਸਮਾਜ ਪ੍ਰਤੀ ਕੁਝ ਕਰਤੱਵ ਹਨ, ਜੋ ਸਮਾਜ ਵਿੱਚ ਰਹਿ ਕੇ ਹੀ ਉਸ ਦੀ ਸ਼ਖਸੀਅਤ ਦਾ ਪੂਰਾ ਅਤੇ ਸੁਤੰਤਰ ਵਿਕਾਸ ਸੰਭਵ ਹੈ।'' (ਅਨੁਛੇਦ 29:1)

ਇਸ ਲਈ ਇਹ ਕਲਪਨਾ ਕਰਨਾ ਵੀ ਅਨੁਚਿਤ ਹੋਵੇਗਾ ਕਿ ਅਧਿਕਾਰ ਕਰਤੱਵਾਂ ਤੋਂ ਬਿਨ੍ਹਾਂ ਹੁੰਦੇ ਹਨ।

**1.4.6.1 ਹਰੇਕ ਅਧਿਕਾਰ ਦੇ ਨਾਲ ਇੱਕ ਕਰਤੱਵ ਚੱਲਦਾ ਹੈ** : ਨਾਗਰਿਕਾਂ ਨੂੰ ਅਨੇਕਾਂ ਕਿਸਮ ਦੇ ਅਧਿਕਾਰ ਰਾਜ ਵੱਲੋਂ ਪ੍ਰਾਪਤ ਹੁੰਦੇ ਹਨ। ਭਾਵੇਂ ਰਾਜ ਵਲੋਂ ਸੰਵਿਧਾਨ ਵਿੱਚ ਇਨ੍ਹਾਂ ਅਧਿਕਾਰਾਂ ਦੇ ਨਾਲ

ਸੰਬੰਧਿਤ ਕਰਤੱਵਾਂ ਦਾ ਵਰਣਨ ਨਾ ਕੀਤਾ ਹੋਵੇ ਤਾਂ ਵੀ ਹਰ ਅਧਿਕਾਰ ਨਾਲ ਇੱਕ ਕਰਤੱਵ ਜੁੜਦਾ ਹੈ। ਮੇਰੇ ਜੋ ਅਧਿਕਾਰ ਹਨ ਉਹ ਦੂਸਰੇ ਵਿਅਕਤੀਆਂ ਲਈ ਉਨ੍ਹਾਂ ਦੇ ਕੁਝ ਕਰਤੱਵ ਨਿਸ਼ਚਿਤ ਕਰਦੇ ਹਨ। ਉਦਾਹਰਨ ਵਜੋਂ ਮੇਰੀ ਸੰਪਤੀ ਦਾ ਅਧਿਕਾਰ ਦੂਸਰਿਆਂ ਲਈ ਇਹ ਕਰਤੱਵ ਨਿਸ਼ਚਿਤ ਕਰਦਾ ਹੈ ਕਿ ਉਹ ਮੇਰੀ ਸੰਪਤੀ ਨੂੰ ਨਾ ਤਾਂ ਕੋਈ ਨੁਕਸਾਨ ਪਹੁੰਚਾਉਣ ਅਤੇ ਨਾ ਹੀ ਉਸ ਨੂੰ ਲੁੱਟਣ ਆਦਿ ਦਾ ਯਤਨ ਕਰਨ। ਅਸਲ ਵਿੱਚ ਜਿਹੜੀ ਚੀਜ਼ ਇੱਕ ਵਿਅਕਤੀ ਲਈ ਅਧਿਕਾਰ ਹੈ ਉਹ ਦੂਸਰਿਆਂ ਲਈ ਕਰਤੱਵ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਅਧਿਕਾਰ ਅਤੇ ਕਰਤੱਵ ਅਕਸਰ ਨਾਲ ਨਾਲ ਚੱਲਦੇ ਹਨ।

**1.4.6.2 ਅਧਿਕਾਰ ਅਤੇ ਕਰਤੱਵ ਇੱਕ ਹੀ ਵਸਤੂ ਦੇ ਦੋ ਪੱਖ ਹਨ** : ਅਧਿਕਾਰ ਅਤੇ ਕਰਤੱਵ ਵਿੱਚ ਬੜਾ ਹੀ ਨੇੜੇ ਦਾ ਸੰਬੰਧ ਹੈ। ਉਹ ਇੱਕ ਹੀ ਵਸਤੂ ਦੇ ਦੋ ਪੱਖ ਹਨ। ਜੇ ਵਿਅਕਤੀ ਉਨ੍ਹਾਂ ਨੂੰ ਆਪਣੀ ਦ੍ਰਿਸ਼ਟੀ ਨਾਲ ਵੇਖੇ ਤਾਂ ਅਧਿਕਾਰ ਹਨ ਅਤੇ ਜੇ ਦੂਸਰਿਆਂ ਦੀ ਦ੍ਰਿਸ਼ਟੀ ਨਾਲ ਦੇਖੇ ਤਾਂ ਕਰਤੱਵ ਹਨ।

**1.4.6.3 ਮੇਰਾ ਅਧਿਕਾਰ ਦੂਜਿਆਂ ਦਾ ਕਰਤੱਵ ਹੈ** : ਹਰੇਕ ਅਧਿਕਾਰ ਦੇ ਨਾਲ ਕਰਤੱਵ ਆਪਣੇ ਆਪ ਹੀ ਜੁੜ ਜਾਂਦਾ ਹੈ। ਜਿਵੇਂ ਕਿ ਮੇਰਾ ਅਧਿਕਾਰ ਦੂਜਿਆਂ ਦਾ ਕਰਤੱਵ ਹੈ। ਨਾਗਰਿਕ ਤਾਂ ਹੀ ਆਪਣੇ ਅਧਿਕਾਰ ਨੂੰ ਮਾਣ ਸਕੇਗਾ ਜੇਕਰ ਦੂਜੇ ਵਿਅਕਤੀ ਉਸਦੇ ਅਧਿਕਾਰ ਨੂੰ ਆਪਣਾ ਕਰਤੱਵ ਸਮਝਣਗੇ। ਉਦਾਹਰਣ ਵਜੋਂ ਜੇਕਰ ਵਿਅਕਤੀ ਕੋਲ ਜਿਉਣ ਦਾ ਅਧਿਕਾਰ ਹੈ ਤਾਂ ਦੂਜਿਆਂ ਦਾ ਕਰਤੱਵ ਬਣਦਾ ਹੈ ਕਿ ਉਹ ਉਸ ਵਿਅਕਤੀ ਦੀ ਸੁਰੱਖਿਆ ਕਰਨ ਅਤੇ ਉਸ ਦੇ ਜੀਵਨ ਨੂੰ ਨੁਕਸਾਨ ਨਾ ਪਹੁੰਚਾਉਣ।

**1.4.6.4 ਹਰੇਕ ਅਧਿਕਾਰ ਆਪਣੇ ਨਾਲ ਸਮਾਜਿਕ ਭਲਾਈ ਦਾ ਕਰਤੱਵ ਰੱਖਦਾ ਹੈ** : ਹਰੇ ਕ ਨਾਗਰਿਕ ਸਮਾਜ ਦਾ ਇੱਕ ਅਟੁੱਟ ਅੰਗ ਹੈ, ਉਸ ਦਾ ਜੀਵਿਤ ਰਹਿਣਾ ਅਤੇ ਵਿਕਾਸ ਕਰਨਾ ਕੇਵਲ ਸਮਾਜ ਵਿਚ ਹੀ ਸੰਭਵ ਹੈ। ਨਾਗਰਿਕ ਨੂੰ ਅਧਿਕਾਰ ਵੀ ਸਮਾਜ ਵਿੱਚ ਹੀ ਪ੍ਰਾਪਤ ਹੋ ਸਕਦੇ ਹਨ, ਸਮਾਜ ਤੋਂ ਬਾਹਰ ਅਧਿਕਾਰਾਂ ਦਾ ਹੋਣਾ ਸੰਭਵ ਨਹੀਂ। ਸਮਾਜ ਹੀ ਮਨੁੱਖ ਦੀ ਰੱਖਿਆ ਦਾ ਜਿੰਮੇਵਾਰ ਹੈ। ਜਿਥੇ ਸਮਾਜ ਜਾਂ ਰਾਜ ਵਿਅਕਤੀ ਲਈ ਇੰਨਾ ਉਪਯੋਗੀ ਸਿੱਧ ਹੁੰਦਾ ਹੈ ਉਥੇ ਵਿਅਕਤੀ ਦੇ ਵੀ ਸਮਾਜ ਪ੍ਰਤੀ ਕਈ ਕਰਤੱਵ ਬਣਦੇ ਹਨ। ਉਨ੍ਹਾਂ ਕਰਤੱਵਾਂ ਵਿਚੋਂ ਇਕ ਮੁੱਖ ਕਰਤੱਵ ਇਹ ਹੈ ਕਿ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਸਮਾਜ ਦੀ ਭਲਾਈ ਲਈ ਕਰੇ।

**1.4.6.5 ਹਰੇਕ ਅਧਿਕਾਰ ਨਾਲ ਇਸ ਦੇ ਉਚਿੱਤ ਪ੍ਰਯੋਗ ਦਾ ਕਰਤੱਵ ਵੀ ਸ਼ਾਮਿਲ ਹੈ** :–

ਹਰੇਕ ਅਧਿਕਾਰ ਦੇ ਨਾਲ ਇਹ ਕਰਤੱਵ ਜੁੜਿਆ ਹੁੰਦਾ ਹੈ, ਜਿਵੇਂ ਮਤ ਦੇਣ ਦੇ ਅਧਿਕਾਰ ਨਾਲ ਮਤ ਦੇਣ ਦਾ ਕਰਤੱਵ; ਅਰਥਾਤ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਲੋਕਤੰਤਰ ਸ਼ਾਸਨ ਵਿਚ ਨਾਗਰਿਕ ਦੇ ਇਸ ਕਰਤੱਵ ਦਾ ਪਾਲਣ ਇਸ ਤਰ੍ਹਾਂ ਕਰੇ ਕਿ ਉਸ ਨਾਲ ਯੋਗ ਵਿਅਕਤੀ ਹੀ ਸ਼ਾਸਕ ਦੇ ਰੂਪ ਵਿੱਚ ਚੁਣਿਆ ਜਾ ਸਕਦੇ। ਜੇਕਰ ਨਾਗਰਿਕ ਇਸ ਅਧਿਕਾਰ ਦੀ ਵਰਤੋਂ ਕਰਨ ਸਮੇਂ ਅਣਗਹਿਲੀ ਕਰੇਗਾ ਤਾਂ ਦੇਸ਼ ਵਿੱਚ ਸੁਆਰਥੀ ਸਰਕਾਰਾਂ ਸਥਾਪਿਤ ਹੋਣਗੀਆਂ।

**1.4.6.6 ਰਾਜ ਅਧਿਕਾਰ ਪ੍ਰਦਾਨ ਕਰਦਾ ਹੈ, ਰਾਜ ਦੀ ਸਹਾਇਤਾ ਕਰਨਾ ਸਾਡਾ ਕਰਤੱਵ ਹੈ** :–

ਲਾਸਕੀ ਦੇ ਅਨੁਸਾਰ, ''ਕਿਉਂਕਿ ਰਾਜ ਮੈਨੂੰ ਅਧਿਕਾਰ ਪ੍ਰਦਾਨ ਕਰਦਾ ਹੈ ਅਤੇ ਇਨ੍ਹਾਂ ਦੀ ਰੱਖਿਆ ਕਰਦਾ ਹੈ, ਰਾਜ ਦੀ ਸਹਾਇਤਾ ਕਰਨਾ ਮੇਰਾ ਕਰਤੱਵ ਹੈ।'' ਰਾਜ ਤੋਂ ਬਾਹਰ ਅਧਿਕਾਰਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰਾਜ ਹੀ ਅਜਿਹਾ ਸੁਖਾਵਾਂ ਵਾਤਾਵਰਣ ਪੈਦਾ ਕਰਦਾ ਹੈ, ਜਿਸ ਅੰਦਰ ਨਾਗਰਿਕ ਆਪਣੇ ਅਧਿਕਾਰ ਮਾਣ ਸਕਦਾ ਹੈ। ਵਿਅਕਤੀ ਲਈ ਰਾਜ ਹਰ ਤਰ੍ਹਾਂ ਦੀ ਸਹੂਲਤ ਦਿੰਦਾ ਹੈ ਤਾਂ ਜੋ ਉਸ ਦੇ ਜੀਵਨ ਦਾ ਸਰਵ-ਪੱਖੀ ਵਿਕਾਸ ਹੋ ਸਕੇ। ਇਸ ਦੇ ਨਾਲ ਹੀ ਵਿਅਕਤੀ ਦਾ ਇਹ ਕਰਤੱਵ ਬਣਦਾ ਹੈ ਕਿ ਉਹ ਰਾਜ ਦੇ ਹਰ ਕਾਨੂੰਨ ਦੀ ਆਗਿਆ ਦੀ ਪਾਲਣਾ ਕਰੇ ਅਤੇ ਰਾਜ ਹਰ ਖੇਤਰ ਵਿਚ ਸਹਿਯੋਗ ਦੇਵੇ।

**1.4.6.7 ਦੂਸਰਿਆਂ ਦਾ ਅਧਿਕਾਰ ਮੇਰਾ ਕਰਤੱਵ ਵੀ ਹੈ :-** ਅਧਿਕਾਰ ਕਿਸੇ ਇੱਕ ਵਿਅਕਤੀ ਨੂੰ ਪ੍ਰਾਪਤ ਨਹੀਂ ਹੁੰਦਾ ਬਲਕਿ ਇਹ ਸਭ ਲਈ ਬਰਾਬਰ ਹੁੰਦੇ ਹਨ। ਇਸ ਦਾ ਅਰਥ ਹੈ ਕਿ ਦੂਸਰਿਆਂ ਵਿਅਕਤੀਆਂ ਕੋਲ ਵੀ ਉਹ ਅਧਿਕਾਰ ਹੁੰਦੇ ਹਨ ਜੋ ਮੇਰੇ ਕੋਲ ਹਨ। ਇਸ ਕਰਕੇ ਅਧਿਕਾਰ ਦੇ ਨਾਲ ਇਹ ਮੇਰਾ ਕਰਤੱਵ ਵੀ ਹੈ ਕਿ ਮੈਂ ਦੂਸਰਿਆਂ ਦੇ ਅਧਿਕਾਰਾਂ ਦਾ ਵੀ ਖਿਆਲ ਰੱਖਾਂ। ਲਾਸਕੀ ਦੇ ਅਨੁਸਾਰ "ਇਹ ਮੇਰਾ ਕਰਤੱਵ ਬਣਦਾ ਹੈ ਕਿ ਦੂਸਰਿਆਂ ਦੇ ਅਧਿਕਾਰਾਂ ਦਾ ਸਨਮਾਨ ਕਰਾਂ"। ਇਹ ਮੇਰਾ ਕਰਤੱਵ ਹੈ ਕਿ ਮੈਂ ਕਿਸੇ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਨਾ ਕਰਾਂ।

**ਸਵੈ ਅਭਿਆਸ ਲਈ ਪ੍ਰਸ਼ਨ** (2)

(i) ਅਧਿਕਾਰਾਂ ਦੀ ਪ੍ਰੀਭਾਸ਼ਾ ਦਿਉ।

(ii) ਅਧਿਕਾਰ ਅਤੇ ਕਰਤੱਵ ਦੇ ਦੋ ਸੰਬੰਧ ਦੱਸੋ।

(iii) ਅਧਿਕਾਰ ਅਤੇ ਕਰਤੱਵ ਇੱਕ ਸਿੱਕੇ ਦੇ ਦੋ ਪਹਿਲੂ ਹਨ। ਸਹੀ ਜਾਂ ਗਲਤ?

### 1.4.7 ਸਿੱਟਾ (Conclusion):

ਉਪਰੋਕਤ ਵਿਆਖਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਅਕਤੀ ਨੂੰ ਅਧਿਕਾਰ ਰਾਜ ਜਾਂ ਸੰਵਿਧਾਨ ਦੁਆਰਾ ਪ੍ਰਾਪਤ ਹੁੰਦੇ ਹਨ। ਇਸ ਲਈ ਵਿਅਕਤੀ ਦਾ ਇਹ ਫਰਜ਼ ਜਾਂ ਕਰਤੱਵ ਬਣਦਾ ਹੈ ਕਿ ਉਹ ਉਨ੍ਹਾਂ ਦੀ ਵਰਤੋਂ ਇਸ ਪ੍ਰਕਾਰ ਕਰੇ ਕਿ ਉਸ ਦੇ ਨਾਲ ਸਮਾਜ ਦਾ ਕਲਿਆਣ ਹੋਵੇ। ਵਿਅਕਤੀ ਨੂੰ ਪ੍ਰਦਾਨ ਕੀਤੇ ਗਏ ਅਧਿਕਾਰ ਤਦੇ ਪ੍ਰਭਾਵਸ਼ਾਲੀ ਸਿੱਧ ਹੋ ਸਕਦੇ ਹੈ, ਜੇ ਉਨ੍ਹਾਂ ਨੂੰ ਸਮਾਜ ਦੇ ਦੂਜੇ ਮੈਂਬਰ ਸਤਿਕਾਰ ਸਹਿਤ ਸਵੀਕਾਰ ਕਰ ਲੈਣ। ਇਸ ਨਾਲ ਨਾਗਰਿਕਾਂ ਉਤੇ ਇਹ ਕਰਤੱਵ ਆ ਜਾਂਦਾ ਹੈ ਕਿ ਉਹ ਦੂਜਿਆਂ ਦੇ ਅਧਿਕਾਰਾਂ ਨੂੰ ਸਤਿਕਾਰ ਸਹਿਤ ਸਵੀਕਾਰ ਕਰਨ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨਾਗਰਿਕ ਦੇ ਕਰਤੱਵ ਅਤੇ ਅਧਿਕਾਰ ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਇਹ ਹਮੇਸ਼ਾ ਨਾਲ-ਨਾਲ ਚੱਲਦੇ ਹਨ। ਕਰਤੱਵ ਉਨ੍ਹਾਂ ਨੂੰ ਵੇਖਣ ਅਤੇ ਸਮਝਣ ਵਿੱਚ ਹੀ ਹੈ। ਲੋਕਤੰਤਰ ਦੀ ਸਫਲਤਾ ਤਦ ਹੀ ਸੰਭਵ ਹੋਵੇਗੀ, ਜਦ ਤੱਕ ਨਾਗਰਿਕ ਆਪਣੇ ਕਰਤੱਵਾਂ ਦੀ ਪਾਲਣਾ ਬੁੱਧੀਮਾਨੀ ਅਤੇ ਪੂਰੀ ਜਿੰਮੇਵਾਰੀ ਨਾਲ ਨਹੀਂ ਕਰਦੇ। ਇਹੀ ਕਾਰਨ ਹੈ ਕਿ ਵਿਅਕਤੀ ਅਤੇ ਸਮਾਜ ਦੋਹਾਂ ਦੇ ਹਿੱਤਾਂ ਦੀ ਸਿੱਧੀ ਲਈ ਨਾਗਰਿਕਤਾ ਦੇ ਅਧਿਕਾਰਾਂ ਦੀ ਥਾਂ, ਨਾਗਰਿਕ ਕਰਤੱਵਾਂ ਤੇ ਜ਼ੋਰ ਦੇਣਾ ਆਵਸ਼ਕ ਹੋ ਗਿਆ।

### 1.4.8 ਸਵੈ ਅਭਿਆਸ ਲਈ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ (Answer to Self Check Exercises) :

**ਸਵੈ ਅਭਿਆਸ ਲਈ ਪ੍ਰਸ਼ਨ** (1)

(i) ਡਾ. ਜ਼ਾਕਿਰ ਹੁਸੈਨ ਦੇ ਅਨੁਸਾਰ, "ਕਰਤੱਵ ਆਗਿਆ ਦਾ ਅੰਧਾ-ਧੁੰਦ ਪਾਲਣ ਨਹੀਂ ਹੈ, ਸਗੋਂ ਇਹ ਆਪਣੀਆਂ ਬੰਦਿਸ਼ਾਂ ਤੇ ਜਿੰਮੇਵਾਰੀਆਂ ਨੂੰ ਪੂਰਾ ਕਰਨ ਦੀ ਤੀਬਰ ਇੱਛਾ ਹੈ।"

(ii) ਕਰਤੱਵਾਂ ਦੀਆਂ ਮੁੱਖ ਤਿੰਨ ਕਿਸਮਾਂ ਹਨ:-

(a) ਨੈਤਿਕ ਕਰਤੱਵ

(b) ਕਾਨੂੰਨੀ ਕਰਤੱਵ

(c) ਮੌਲਿਕ ਕਰਤੱਵ

(iii) 1976 ਨੂੰ ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਕਰਤੱਵਾਂ ਦੀ ਵਿਵਸਥਾ ਕੀਤੀ ਗਈ।

**ਸਵੈ ਅਭਿਆਸ ਲਈ ਪ੍ਰਸ਼ਨ (2)**

(i) ਲਾਸਕੀ ਦੇ ਅਨੁਸਾਰ, ''ਅਧਿਕਾਰ ਉਨ੍ਹਾਂ ਸਮਾਜਿਕ ਪ੍ਰਸਥਿਤੀਆਂ ਦਾ ਨਾਂ ਹੈ ਜਿਨ੍ਹਾਂ ਤੋਂ ਬਗੈਰ ਕੋਈ ਵਿਅਕਤੀ ਪੂਰਨ ਤੌਰ 'ਤੇ ਵਿਕਾਸ ਨਹੀਂ ਕਰ ਸਕਦਾ।''

(ii) ਅਧਿਕਾਰਾਂ ਅਤੇ ਕਰਤੱਵਾਂ ਦੇ ਸੰਬੰਧ ਹੇਠ ਲਿਖੇ ਹਨः-

(a) ਹਰੇਕ ਅਧਿਕਾਰ ਨਾਲ ਇਕ ਕਰਤੱਵ ਚਲਦਾ ਹੈ।

(b) ਅਧਿਕਾਰ ਅਤੇ ਕਰਤੱਵ ਇੱਕ ਹੀ ਸਿੱਕੇ ਦੇ ਦੋ ਪਾਸੇ ਹਨ।

(iii) ਸਹੀ।

## 1.4.9 ਸੁਝਾਈਆਂ ਪੁਸਤਕਾਂ (Suggested Readings) :

1. O.P.Gauba : An Introduction to Political Theory
2. Andrew Heywood : Politics
3. J.C. Johari : Contemporary Political Theory
4. Sushila Ramaswamy : Political Theory
5. www.cup.com
6. www.oup.com

## ਸਮਾਜਿਕ ਪਰਿਵਰਤਨ – ਅਰਥ, ਪਰਿਭਾਸ਼ਾ ਵਿਸ਼ੇਸ਼ਤਾਵਾਂ ਅਤੇ ਸਿਧਾਂਤ
## (Social Change : Meaning, Definition, Characteristics and Theories)

ਪਾਠ ਦੀ ਰੂਪ ਰੇਖਾ

1.4.1 ਪਾਠ ਦਾ ਉਦੇਸ਼
1.4.2 ਭੂਮਿਕਾ
1.4.3 ਸਮਾਜਿਕ ਪਰਿਵਰਤਨ ਦਾ ਅਰਥ ਅਤੇ ਪਰਿਭਾਸ਼ਾ
1.4.4 ਸਮਾਜਿਕ ਪਰਿਵਰਤਨ ਦੇ ਕਾਰਕ
- 1.4.4.1 ਜੀਵ ਸੰਬੰਧੀ ਕਾਰਕ
- 1.4.4.2 ਵਸੋਂ ਦੇ ਕਾਰਕ
- 1.4.4.3 ਭੌਤਿਕ ਕਾਰਕ
- 1.4.4.4 ਕੁਦਰਤੀ ਕਾਰਕ
- 1.4.4.5 ਤਕਨੀਕੀ ਕਾਰਕ
- 1.4.4.6 ਸਭਿਆਚਾਰਕ ਕਾਰਕ
- 1.4.4.7 ਮਨੋਵਿਗਿਆਨਕ
- 1.4.4.8 ਨਵੇਂ ਵਿਚਾਰ

1.4.5 ਸਮਾਜਿਕ ਪਰਿਵਰਤਨ ਦੇ ਸਿਧਾਂਤ
- 1.4.5.1 ਪਤਨ ਦਾ ਸਿਧਾਂਤ
- 1.4.5.2 ਚੱਕਰ ਦਾ ਸਿਧਾਂਤ
- 1.4.5.3 ਅਵਸਥਾ ਸਿਧਾਂਤ
- 1.4.5.4 ਨਿਸ਼ਚੇਵਾਦੀ ਸਿਧਾਂਤ
- 1.4.5.5 ਧਰਮ ਦਾ ਸਿਧਾਂਤ
- 1.4.5.6 ਕ੍ਰਮਬੱਧ ਯਤਨਾਂ ਦਾ ਸਿਧਾਂਤ

1.4.6 ਸਮਾਜਿਕ ਪਰਿਵਰਤਨ ਦੀਆਂ ਵਿਸ਼ੇਸ਼ਤਾਵਾਂ
- 1.4.6.1 ਸਮਾਜਿਕ ਪਰਿਵਰਤਨ-ਨਿਰੰਤਰ ਵਿਧੀ
- 1.4.6.2 ਪਰਿਵਰਤਨ ਦੀ ਗਤੀ ਅਤੇ ਸੀਮਾ ਸਮਾਜ ਦੇ ਸਰੂਪ ਤੇ ਨਿਰਭਰ ਕਰਦੀ ਹੈ।
- 1.4.6.3 ਸਮਾਜਿਕ ਪਰਿਵਰਤਨ ਅਚੇਤ ਘਟਨਾਵਾਂ ਦਾ ਸਿੱਟਾ ਜਾਂ ਸਚੇਤ ਯਤਨਾਂ ਦਾ ਸਿੱਟਾ
- 1.4.6.4 ਸਮਾਜਿਕ ਪਰਿਵਰਤਨ ਦਾ ਅਰਥ-ਅੰਤਰੀਵ ਸਮਾਜਿਕ ਸੰਬੰਧਾਂ ਵਿੱਚ ਪਰਿਵਰਤਨ
- 1.4.6.5 ਸਮਾਜਿਕ ਪਰਿਵਰਤਨ ਪਤਨਸ਼ੀਲ ਵੀ ਹੋ ਸਕਦਾ ਹੈ।
- 1.4.6.6 ਸਮਾਜਿਕ ਪਰਿਵਰਤਨ ਦਾ ਅਰਥ ਨਾ ਤਾਂ ਉਨਤੀ ਨਾ ਵਿਕਾਸ
- 1.4.6.7 ਸਮਾਜਿਕ ਪਰਿਵਰਤਨ ਦਾ ਭਾਵ ਜੀਵਨ ਦੀਆਂ ਪ੍ਰਵਾਨਿਤ ਵਿਧੀਆ ਦੀ ਤਬਦੀਲੀ
- 1.4.6.8 ਸਮਾਜਿਕ ਪਰਿਵਰਤਨ ਦਾ ਅਰਥ ਕੋਈ ਨਵੇਕਲੀ ਘਟਨਾ ਨਹੀਂ
- 1.4.6.9 ਆਰਥਿਕ ਪਰਿਵਰਤਨ ਆਪਣੇ ਆਪ ਵਿਚ ਸਮਾਜਿਕ ਪਰਿਵਰਤਨ ਨਹੀਂ
- 1.4.6.10 ਰਾਜਨੀਤਿਕ ਪਰਿਵਰਤਨ ਆਪਣੇ ਆਪ ਵਿਚ ਸਮਾਜਿਕ ਪਰਿਵਰਤਨ ਨਹੀਂ
- 1.4.6.11 ਸਮਾਜਿਕ ਪਰਿਵਰਤਨ ਦੇ ਸਾਧਨ

1.4.7 ਸਾਰੰਸ਼
1.4.8 ਸਵੈ ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ
1.4.9 ਸੁਝਾਈਆਂ ਪੁਸਤਕਾਂ

1.4.1 **ਪਾਠ ਦਾ ਉਦੇਸ਼** :– ਪਿਆਰੇ ਵਿਦਿਆਰਥੀਓ, ਜਿਸ ਸਮਾਜ ਵਿੱਚ ਅਸੀਂ ਰਹਿੰਦੇ ਹਾਂ। ਇਹ ਸ਼ੁਰੂ ਤੇ ਇਹੋ ਜਿਹਾ ਨਹੀਂ ਸੀ ਅਤੇ ਨਾ ਹੀ ਇਹੋ ਜਿਹਾ ਰਹਿਣਾ ਹੈ। ਸਮਾਜਿਕ ਪਰਿਵਰਤਨ ਇੱਕ ਨਿਰੰਤਰ

ਪ੍ਰਕ੍ਰਿਆ ਹੈ। ਮੌਜੂਦਾ ਪਾਠ ਵਿਚ ਤੁਹਾਨੂੰ ਸਮਾਜਿਕ ਪਰਿਵਰਤਨ ਦਾ ਵਿਆਪਕ ਅਰਥ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਇਹ ਭਲੀ ਭਾਂਤਿ ਜਾਣ ਸਕੋਗੇ ਕਿ ਆਖਿਰ ਸਮਾਜਿਕ ਪਰਿਵਰਤਨ ਹੁੰਦਾ ਕੀ ਹੈ, ਇਹ ਕਿਵੇਂ ਆਉਂਦਾ ਹੈ ਇਸ ਦੇ ਵੱਖ-ਵੱਖ ਪਹਿਲੂ ਕੀ ਹਨ ਅਤੇ ਸਮਾਜ ਸ਼ਾਸ਼ਤਰੀਆਂ ਸਮਾਜਿਕ ਪਰਿਵਰਤਨ ਦੇ ਕਿਹੜੇ-ਕਿਹੜੇ ਸਿਧਾਂਤ ਦਿੰਦੇ ਹਨ।

1.4.2 **ਭੂਮਿਕਾ (Introduction)** ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਸਮੇਂ ਦੀ ਤਬਦੀਲੀ ਨਾਲ ਸਮਾਜਿਕ ਸੰਬੰਧਾਂ ਵਿਚ ਤਬਦੀਲੀ ਜ਼ਰੂਰ ਆਉਂਦੀ ਹੈ। ਮਾਨਵ ਜੀਵਨ ਦੇ ਸਮਾਜਿਕ ਸੰਬੰਧਾਂ ਵਿਚ ਜੋ ਮਹੱਤਵਪੂਰਨ ਪਰਿਵਰਤਨ ਵਾਪਰਦਾ ਹੈ ਉਸ ਨੂੰ ਸਮਾਜ ਸ਼ਾਸਤਰੀਆਂ ਨੇ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਹੈ। ਅੱਜ ਰਾਜਨੀਤੀ ਵਿਗਿਆਨ ਅੰਦਰ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਗਿਆ ਹੈ ਕਿਉਂਕਿ ਸਮਾਜਿਕ ਪਰਿਵਰਤਨ ਨਾਲ ਹੀ ਰਾਜਨੀਤਿਕ ਪਰਿਵਰਤਨ ਜੁੜਿਆ ਹੋਇਆ ਹੈ।

1.4.3 **ਸਮਾਜਿਕ ਪਰਿਵਰਤਨ ਦਾ ਅਰਥ ਅਤੇ ਪਰਿਭਾਸ਼ਾ (Meaning & Definition of Social Change)** :– ਸਮਾਜਿਕ ਪਰਿਵਰਤਨ ਤੋਂ ਭਾਵ ਸਮਾਜਿਕ ਸੰਬੰਧਾਂ ਵਿਚ ਪਰਿਵਰਤਨ ਹੈ। ਸਮਾਜਿਕ ਸੰਬੰਧਾਂ ਦੇ ਵਿਸ਼ਾਲ ਘੇਰੇ ਵਿਚ ਸਮਾਜਿਕ ਵਿਧੀਆਂ ਸਮਾਜਿਕ ਨਮੂਨੇ ਅਤੇ ਸਮਾਜਿਕ ਅੰਤਰ-ਪ੍ਰਕ੍ਰਿਆ ਸ਼ਾਮਿਲ ਹਨ। ਇਸ ਆਧਾਰ ਤੇ ਹੀ ਵੱਖ-ਵੱਖ ਸਮਾਜ ਸ਼ਾਸ਼ਤਰੀਆਂ ਨੇ ਸਮਾਜਿਕ ਪਰਿਵਰਤਨ ਦੀ ਪਰਿਭਾਸ਼ਾ ਕੀਤੀ ਹੈ। ਉਹਨਾਂ ਵਿੱਚੋਂ ਕੁਝ ਮੁੱਖ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ :–

**ਮੈਕਾਈਵਰ (Maciver)** ਦਾ ਵਿਚਾਰ ਹੈ ਕਿ, ''ਸਮਾਜਿਕ ਪਰਿਵਰਤਨ ਦਾ ਭਾਵ ਸਮਾਜਿਕ ਸੰਬੰਧਾਂ ਵਿਚ ਤਬਦੀਲੀ ਹੈ।'' **ਡੇਵਿਸ** ਦੇ ਵਿਚਾਰ ਅਨੁਸਾਰ, ''ਸਮਾਜਿਕ ਪਰਿਵਰਤਨ ਦਾ ਭਾਵ ਕੇਵਲ' ਉਹਨਾਂ ਤਬਦੀਲੀਆਂ ਤੋਂ ਹੈ ਜੋ ਸਮਾਜਿਕ ਸੰਗਠਨ ਵਿਚ ਹੁੰਦੀਆਂ ਹਨ- ਦੂਜੇ ਸ਼ਬਦਾਂ ਵਿਚ ਉਹ ਤਬਦੀਲੀਆਂ ਜੋ ਸਮਾਜ ਦੇ ਢਾਂਚੇ ਅਤੇ ਕਾਰਜਾਂ ਵਿਚ ਹੁੰਦੀਆਂ ਹਨ।

**ਮੈਰਿਲ ਅਤੇ ਐਂਡਰਸ** ਦੇ ਅਨੁਸਾਰ, ''ਸਮਾਜਿਕ ਪਰਿਵਰਤਨ ਦਾ ਅਰਥ ਇਹ ਹੈ ਕਿ ਬਹੁਤ ਸਾਰੇ ਵਿਅਕਤੀ ਉਹਨਾਂ ਕੰਮਾਂ ਵਿਚ ਲੱਗ ਰਹੇ ਹਨ ਜਿਹੜੇ ਕੰਮ ਉਹਨਾਂ ਕੰਮਾਂ ਤੋਂ ਭਿੰਨ ਹਨ ਜੋ ਉਹਨਾਂ ਜਾਂ ਉਹਨਾਂ ਦੇ ਤੱਤਕਾਲੀ ਵੱਡੇ-ਵਡੇਰਿਆਂ ਦੁਆਰਾ ਕੁਝ ਸਮਾਂ ਪਹਿਲਾਂ ਕੀਤੇ ਜਾਂਦੇ ਹਨ। ਸਮਾਜ ਵਿਸ਼ੇਸ਼ ਪ੍ਰਕਾਰ ਦੇ ਮਾਨਵ ਸੰਬੰਧਾਂ ਦਾ ਵਿਸ਼ਾਲ ਅਤੇ ਜਟਿਲ ਤਾਣਾ-ਪੇਟਾ ਹੈ ਜਿਸ ਵਿਚ ਸਾਰੇ ਵਿਅਕਤੀ ਭਾਗ ਲੈਂਦੇ ਹਨ। ਜਦੋਂ ਮਨੁੱਖੀ-ਵਿਹਾਰ ਪਰਿਵਰਤਨ ਵਿਧੀ ਵਿਚ ਹੁੰਦਾ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਸਮਾਜਿਕ ਪਰਿਵਰਤਨ ਵਾਪਰ ਰਿਹਾ ਹੈ।

ਉੱਪਰ ਵਰਣਿਤ ਪਰਿਭਾਸ਼ਾ ਤੋਂ ਸਪੱਸ਼ਟ ਹੈ ਕਿ ਸਮਾਜਿਕ ਪਰਿਵਰਤਨ ਦਾ ਭਾਵ ਸਮਾਜਿਕ ਸੰਬੰਧਾਂ ਵਿਚ ਮਹੱਤਵਪੂਰਨ ਤਬਦੀਲੀ ਹੈ। ਜਦੋਂ ਸੰਬੰਧਾਂ ਦੇ ਕਿਸੇ ਪੱਖ ਵਿਚ ਕਿਸੇ ਵੀ ਕਾਰਨ ਕੋਈ ਤਬਦੀਲੀ ਵਾਪਰਦੀ ਹੈ ਤਾਂ ਅਸੀਂ ਉਸ ਤਬਦੀਲੀ ਨੂੰ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਕਹਿ ਸਕਦੇ ਹਾਂ।

1.4.4 **ਸਮਾਜਿਕ ਪਰਿਵਰਤਨ ਦੇ ਕਾਰਕ** (FACTORS) ਇਹ ਕਿ ਠੀਕ ਹੈ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ ਅਤੇ ਹਰੇਕ ਸਮਾਜ ਵਿਚ ਸਾਮਜਿਕ ਪਰਿਵਰਤਨ ਦੀ ਕ੍ਰਿਆ ਅਵੱਸ਼ ਹੁੰਦੀ ਹੈ। ਪਰ ਕੁਝ ਸਮਾਜ ਅਜਿਹੇ ਹਨ ਜਿੱਥੇ ਸਮਾਜਿਕ ਪਰਿਵਰਤਨ ਦੀ ਗਤੀ ਬੜੀ ਢਿੱਲੀ ਹੁੰਦੀ ਹੈ ਅਤੇ ਕੁਝ ਅਜਿਹੇ ਸਮਾਜ ਵੀ ਹਨ ਜਿੱਥੇ ਸਮਾਜਿਕ ਪਰਿਵਰਤਨ ਬੜੀ ਤੇਜ਼ੀ ਨਾਲ ਵਾਪਰਦਾ ਹੈ। ਅਜਿਹੀ ਸਥਿਤੀ ਦਾ ਮੁੱਖ ਕਾਰਨ ਇਹ ਹੈ ਕਿ ਸਮਾਜਿਕ ਪਰਿਵਰਤਨ ਲਿਆਉਣ ਲਈ ਕਈ ਕਾਰਕ (Factors) ਲਾਭਦਾਇਕ ਸਿੱਧ ਹੁੰਦੇ ਹਨ। ਦੂਜੇ ਸ਼ਬਦਾਂ ਵਿਚ, ਸਮਾਜਿਕ ਪਰਿਵਰਤਨ ਆਪਣੇ ਆਪ ਨਹੀਂ ਵਾਪਰ ਜਾਂਦਾ, ਸਗੋਂ ਇਸ ਨੂੰ ਲਿਆਉਣ ਲਈ ਅਨੇਕਾਂ ਤੱਥ ਜਾਂ ਕਾਰਕ ਜ਼ਿੰਮੇਵਾਰ ਹੁੰਦੇ ਹਨ। ਜਿਹਨਾਂ ਸਮਾਜਾਂ ਵਿਚ ਅਜਿਹੇ ਤੱਥ ਵਧੇਰੇ ਮਾਤਰਾ ਅਤੇ ਵਧੇਰੇ ਤੀਬਰਤਾ (intensity) ਵਿਚ ਮੌਜੂਦ ਹਨ ਉੱਥੇ ਸਮਾਜਿਕ ਪਰਿਵਰਤਨ ਦੀ ਗਤੀ ਬੜੀ ਤੇਜ਼ ਹੁੰਦੀ ਹੈ। ਇਸ ਦੇ ਉਲਟ ਜਿਹਨਾਂ ਵਿਚ ਵਿਗਿਆਨਕ, ਤਕਨੀਕੀ, ਰਾਜਨੀਤਿਕ ਆਦਿ ਖੇਤਰਾਂ ਵਿਚ ਜ਼ਿਆਦਾ ਵਿਕਾਸ ਨਹੀਂ ਹੁੰਦਾ ਉਹਨਾਂ ਸਮਾਜਾਂ ਵਿਚ ਸਮਾਜਿਕ ਪਰਿਵਰਤਨ ਦੀ ਗਤੀ ਬੜੀ ਧੀਮੀ ਰਹਿ ਜਾਂਦੀ ਹੈ। ਸਮਾਜਿਕ ਪਰਿਵਰਤਨ ਦੇ ਮਹੱਤਵਪੂਰਨ ਤੱਥਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ :–

1.4.4.1 **ਜੀਵ-ਸੰਬੰਧੀ ਕਾਰਕ (Biological Factors)** : ਜੀਵ ਸਬੰਧੀ ਤੱਥਾਂ ਜਾਂ ਕਾਰਾਂ ਤੋਂ ਭਾਵ ਇਹ ਹੈ ਕਿ ਜਿੱਥੇ ਮਨੁੱਖ ਦਾ ਜਨਮ ਦੋ ਵਿਰੋਧੀ ਲਿੰਗਾਂ ਦੇ ਕੀਟਾਣੂਆਂ ਦੇ ਮੇਲ ਨਾਲ ਵਿਗਿਆਨਕ ਵਿਧੀ ਅਨੁਸਾਰ ਹੁੰਦਾ ਹੈ, ਉਥੇ ਜੀਵ ਵਿਗਿਆਨਕ ਤੱਥ ਸਮਾਜਿਕ ਪਰਿਵਰਤਨ ਦੇ ਵੀ ਮਹੱਤਵਪੂਰਨ ਕਾਰਣ ਬਣਦੇ ਹਨ। ਜੀਵ ਵਿਗਿਆਨਕ

ਕਾਰਨਾਂ ਤੋਂ ਭਾਵ ਉਹਨਾਂ ਕਾਰਨਾਂ ਤੋਂ ਹੈ ਜਿਹਨਾਂ ਉੱਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਗਿਣਤੀ, ਰਚਨਾ ਅਤੇ ਪਿਤਾ ਪੁਰਖੀ ਗੁਣ ਆਦਿ ਆਧਾਰਿਤ ਹੁੰਦੇ ਹਨ ਸਮਾਜ ਗਤੀਸ਼ੀਲ ਮਨੁੱਖਾਂ ਦਾ ਸਮੂਹ ਹੈ ਤੇ ਇਸ ਕਾਰਨ ਸਮਾਜ ਦੇ ਸਰੂਪ ਨੂੰ ਪਰਿਵਰਤਨਸ਼ੀਲ ਮੰਨਿਆ ਜਾਂਦਾ ਹੈ। ਹਰ ਮਨੁੱਖੀ ਜੀਵ ਵਿਚ ਭਿੰਨ-ਭਿੰਨ ਯੋਗਤਾਵਾਂ ਅਤੇ ਸ਼ਕਤੀਆਂ ਹੁੰਦੀਆਂ ਹਨ। ਭਾਵੇਂ ਮਨੁੱਖ ਨੂੰ ਅਨੇਕ ਯੋਗਤਾਵਾਂ ਆਪਣੇ ਪਿਤਰੀ ਵਿਰਸੇ ਵਿਚੋਂ ਮਿਲਦੀਆਂ ਹਨ, ਪਰੰਤੂ ਮਨੁੱਖ ਹਰ ਯੋਗਤਾ ਸੰਬੰਧੀ ਆਪਣੇ ਮਾਤਾ ਪਿਤਾ ਦੇ ਸਮਾਨ ਨਹੀਂ ਹੁੰਦੇ। ਜੇਕਰ ਅਸੀਂ ਆਪਣੇ ਮਾਪਿਆਂ ਨਾਲ ਆਪਣੀ ਤੁਲਨਾ ਕਰੀਏ ਤਾਂ ਸਾਨੂੰ ਸਪੱਸ਼ਟ ਹੋ ਜਾਵੇਗਾ ਕਿ ਅਸੀਂ ਉਹਨਾਂ ਨਾਲੋ ਸਰੀਰਕ ਪੱਖ ਤੋਂ ਵਿਚਾਰਾਂ ਦੇ ਪੱਖ ਤੋਂ ਅਤੇ ਹੋਰ ਅਨੇਕਾਂ ਗੱਲਾਂ ਦੇ ਪੱਖ ਤੋਂ ਅਤੇ ਹੋਰ ਅਨੇਕਾਂ ਗੱਲਾਂ ਦੇ ਪੱਖ ਤੋਂ ਵੱਖਰੇ ਹਾਂ ਕੋਈ ਨਵੀਂ ਪੀੜ੍ਹੀ ਦੀ ਹੂਬਹੂ ਨਕਲ ਨਹੀਂ ਹੁੰਦੀ, ਸਗੋਂ ਹਰ ਨਵੀਂ ਪੀੜ੍ਹੀ ਵਿਚ ਕੁਝ ਨਵੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਆਧੁਨਿਕ ਯੋਗ ਵਿਚ ਨਸਲ ਦੀ ਸ਼ੁੱਧਤਾ ਵੀ ਨਹੀਂ ਰਹੀ ਹੈ ਕਿਉਂਕਿ ਅੰਤਰ-ਨਸਲੀ ਵਿਆਹ ਆਮ ਕਰਕੇ ਹੁੰਦੇ ਰਹਿੰਦੇ ਹਨ। ਇਸ ਕਾਰਨ ਵਿਅਕਤੀਆਂ ਦੇ ਜੀਵ ਵਿਗਿਆਨਕ ਤੱਤ ਕਈ ਪੀੜ੍ਹੀਆਂ ਤੱਕ ਇਕੋ ਜਿਹੇ ਨਹੀਂ ਰਹਿੰਦੇ ਹਨ। ਇਸ ਕਾਰਨ ਵਿਅਕਤੀਆਂ ਦੇ ਜੀਵਨ ਵਿਗਿਆਨਕ ਤੱਤ ਕਈ ਪੀੜ੍ਹੀਆਂ ਤੱਕ ਇਕੋ ਜਿਹੇ ਨਹੀਂ ਰਹਿੰਦੇ, ਸਗੋਂ ਅਨੇਕਾਂ ਕਾਰਨਾਂ ਕਰਕੇ ਇਹਨਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਸ ਤਬਦੀਲੀ ਦਾ ਪ੍ਰਭਾਵ ਸਮਾਜਿਕ ਸੰਬੰਧਾਂ ਉੱਤੇ ਅਵੱਸ਼ ਪੈਦਾ ਹੈ ਤੇ ਇਸ ਪ੍ਰਭਾਵ ਨੂੰ ਹੀ ਸਮਾਜਿਕ ਪਰਿਵਰਤਨ ਕਿਹਾ ਜਾਂਦਾ ਹੈ।

1.4.4.2 **ਵੱਸੋਂ ਦੇ ਕਾਰਕ (Population Factors)** : ਸਮੇਂ ਦੀ ਚਾਲ ਨਾਲ ਵਸੋਂ ਦੀ ਗਿਣਤੀ ਅਤੇ ਬਣਤਰ ਵਿਚ ਜੋ ਪਰਿਵਰਤਨ ਆਉਂਦੇ ਹਨ ਉਹਨਾਂ ਦਾ ਪ੍ਰਭਾਵ ਸਮਾਜਿਕ ਸੰਬੰਧਾਂ ਉੱਤੇ ਵੀ ਜ਼ਰੂਰ ਪੈਂਦਾ ਹੈ। ਜਿਹਨਾਂ ਸਮਾਜਾਂ ਵਿਚੋਂ ਵਸੋਂ ਦਾ ਬਹੁਤ ਜ਼ਿਆਦਾ ਵਾਧਾ ਹੁੰਦਾ ਹੈ। ਉੱਥੇ ਆਮ ਕਰਕੇ ਲੋਕਾਂ ਦਾ ਜੀਵਨ ਪੱਧਰ ਕੋਈ ਵਧੇਰੇ ਚੰਗਾ ਨਹੀਂ ਹੁੰਦਾ। ਇਸੇ ਤਰ੍ਹਾਂ ਜਿਸ ਸਮਾਜ ਵਿਚ ਜਨਮ ਦੀ ਦਰ ਮਰਨ ਦੀ ਦਰ ਨਾਲੋਂ ਬਹੁਤ ਜ਼ਿਆਦਾ ਹੋਵੇਗੀ। ਉੱਥੇ ਵੀ ਲੋਕਾਂ ਦਾ ਜੀਵਨ ਪੱਧਰ ਚੰਗਾ ਹੋਣ ਦੀ ਸੰਭਾਵਨਾ ਨਹੀਂ ਹੋ ਸਕਦੀ। ਪਿਛਲੇ ਕਈ ਸਾਲਾਂ ਤੋਂ ਕਈ ਦੇਸ਼ਾਂ ਦੀ ਵਸੋਂ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਇਸ ਵਾਧੇ ਦੇ ਕਾਰਨ ਲੋਕਾਂ ਦੇ ਸਮਾਜਿਕ ਸੰਬੰਧਾਂ ਅਤੇ ਰਸਮੋ-ਰਿਵਾਜ਼ਾਂ ਉੱਤੇ ਕਾਫ਼ੀ ਜ਼ਿਆਦਾ ਪ੍ਰਭਾਵ ਪਿਆ ਹੈ। ਵਸੋਂ ਦੇ ਵਾਧੇ ਦੇ ਕਾਰਨ ਲੋਕਾਂ ਦੇ ਸਮਾਜਿਕ ਸੰਬੰਧਾਂ ਅਤੇ ਰਸਮੋ-ਰਿਵਾਜਾਂ ਉੱਤੇ ਕਾਫ਼ੀ ਜ਼ਿਆਦਾ ਪ੍ਰਭਾਵ ਹੋਇਆ ਹੈ। ਇਸ ਵਾਧੇ ਦੇ ਕਾਰਨ ਲੋਕਾਂ ਦੇ ਸਮਾਜਿਕ ਸੰਬੰਧਾਂ ਅਤੇ ਰਸਮੋ-ਰਿਵਾਜ਼ਾਂ ਉੱਤੇ ਕਾਫ਼ੀ ਜ਼ਿਆਦਾ ਪ੍ਰਭਾਵ ਪਿਆ ਹੈ। ਵਸੋਂ ਦੇ ਵਾਧੇ ਨੂੰ ਰੋਕਣ ਲਈ ਕਈ ਦੇਸ਼ਾਂ ਵਿਚ ਪਰਿਵਾਰ ਨਿਯੋਜਨ ਦੀਆਂ ਮੁਹਿੰਮਾਂ ਚਲਾਈਆਂ ਗਈਆਂ ਹਨ। 19ਵੀਂ ਸਦੀ ਵਿਚ ਗਰਭ ਰੋਕੂ ਸਾਧਨਾਂ ਦੀ ਵਰਤੋਂ ਅਨੈਤਿਕ ਸਮਝੀ ਜਾਂਦੀ ਸੀ ਪਰੰਤੂ ਵਰਤਨਮਾਨ ਸਮੇਂ ਅਜਿਹੇ ਸਾਧਨਾਂ ਦੀ ਵਰਤੋਂ ਵਿਸ਼ਾਲ ਸਮਾਜਿਕ ਹਿੱਤਾਂ ਦੀ ਹੋਣ ਕਾਰਨ ਦਿਨ-ਪ੍ਰਤੀ-ਦਿਨ ਵੱਧ ਰਹੀ ਹੈ ਅਤੇ ਲੋਕ ਵੀ ਇਸ ਨੂੰ ਸਵੀਕਾਰ ਕਰ ਰਹੇ ਹਨ। ਇਸ ਦਾ ਭਾਵ ਇਹ ਹੋਇਆ ਕਿ ਵਸੋਂ ਦੇ ਵਾਧੇ ਨੇ ਮਨੁੱਖ ਦੇ ਸਮਾਜਿਕ ਸੰਬੰਧਾਂ ਅਤੇ ਵਿਸ਼ਵਾਸਾਂ ਵਿਚ ਪਰਿਵਰਤਨ ਲਿਆਂਦਾ ਹੈ। ਇਸੇ ਤਰ੍ਹਾਂ ਇਹ ਵੀ ਸਪੱਸ਼ਟ ਹੈ ਕਿ ਵਸੋਂ ਦੇ ਵਾਧੇ ਨੂੰ ਰੋਕਣ ਨਾਲ ਇਸਤਰੀਆਂ ਦੀ ਸਥਿਤੀ ਵਿਚ ਵੀ ਜ਼ਰੂਰ ਸੁਧਾਰ ਹੁੰਦਾ ਹੈ ਅਤੇ ਪਰਿਵਾਰ ਦਾ ਛੋਟਾ ਆਕਾਰ ਸਮਾਜਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਇਥੇ ਹੀ ਬਸ ਨਹੀਂ, ਸਗੋਂ ਇਹ ਵੀ ਸੱਚਾਈ ਹੈ ਕਿ ਜਿਸ ਸਮਾਜ ਵਿਚ ਪੁਰਖਾਂ ਦੇ ਮੁਕਾਬਲੇ ਇਸਤਰੀਆਂ ਦੀ ਵਧੇਰੇ ਗਿਣਤੀ ਹੋਵੇਗੀ, ਉੱਥੇ ਪੁਰਖ ਦੇ ਮੁਕਾਬਲੇ ਇਸਤਰੀ ਦਾ ਘੱਟ ਸਤਿਕਾਰ ਹੋਵੇਗਾ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਵਸੋਂ ਦੀ ਬਣਤਰ ਅਤੇ ਗਿਣਤੀ ਅਵੱਸ਼ ਹੀ ਸਮਾਜਿਕ ਪਰਿਵਰਤਨ ਦੇ ਮਹੱਤਵਪੂਰਨ ਕਾਰਣ ਬਣਦੇ ਹਨ।

1.4.4.3. **ਭੌਤਿਕ ਕਾਰਕ (Physical Factors)** : ਜਿਸ ਵਾਤਾਵਰਨ ਵਿਚ ਮਨੁੱਖ ਰਹਿੰਦੇ ਹਨ, ਉਹ ਵਾਤਾਵਰਨ ਦੀ ਸਮਾਜਿਕ ਤਬਦੀਲੀਆਂ ਦਾ ਕਾਰਨ ਬਣਦਾ ਹੈ। ਕੁਝ ਵਿਚਾਰਕਾਂ ਦਾ ਮੱਤ ਹੈ ਕਿ ਕੇਵਲ ਭੂਗੋਲਿਕ ਤੱਥ ਹੀ ਸਮਾਜਿਕ ਪਰਿਵਰਤਨ ਦੇ ਨਿਵੇਕਲੇ ਅਤੇ ਮਹੱਤਵਪੂਰਨ ਕਾਰਨ ਹਨ। ਇਸ ਗੱਲ ਨੂੰ ਤਾਂ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਕੇਵਲ ਭੂਗੋਲਿਕ ਤੱਥ ਹੀ ਸਮਾਜਿਕ ਪਰਿਵਰਤਨ ਦੇ ਕਾਰਨ ਹਨ, ਪਰੰਤੂ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਸਮਾਜਿਕ ਸੰਬੰਧਾਂ ਉੱਤੇ ਭੂਗੋਲਿਕ ਤੱਥਾਂ ਦਾ ਬਹੁਤ ਜ਼ਿਆਦਾ ਪ੍ਰਭਾਵ ਹੁੰਦਾ ਹੈ। ਦਰਅਸਲ ਭੌਤਿਕ ਵਾਤਾਵਰਨ ਸਮਾਜਿਕ ਅਵਸਥਾਵਾਂ ਨੂੰ ਅਵੱਸ਼ ਹੀ ਪ੍ਰਭਾਵਿਤ ਕਰਦਾ ਹੈ। ਮਾਰੂਥਲਾਂ ਵਿਚ ਜਾਂ ਬਹੁਤ ਉਚੇਚੇ ਪਹਾੜਾਂ ਵਿੱਚ ਉਦਯੋਗਿਕ ਨਗਰਾਂ ਦਾ ਵੱਸਣਾ ਸੰਭਵ ਨਹੀਂ ਹੋ ਸਕਦਾ। ਅਜਿਹੇ ਨਗਰ ਤਾਂ ਕੇਵਲ ਉਸ ਸਥਾਨ ਤੇ ਹੀ ਵਸਦੇ ਹਨ ਜਿਥੋਂ ਦਾ ਭੌਤਿਕ ਵਾਤਾਵਰਨ ਉਹਨਾਂ ਲਈ ਲੋੜੀਦੀਆਂ ਸਹੂਲਤਾਂ ਪ੍ਰਦਾਨ ਕਰ ਸਕਦਾ ਹੋਵੇ। ਜੇਕਰ ਦੇਖਿਆ ਜਾਵੇ

ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਮਨੁੱਖ ਨੂੰ ਕੱਪੜੇ ਪਹਿਨਣ ਅਤੇ ਨਿਵਾਸ ਸਥਾਨ ਦੀ ਲੋੜ ਵੀ ਭੌਤਿਕ ਵਾਤਾਵਰਨ ਦੇ ਅਨੁਸਾਰ ਹੀ ਅਨੁਭਵ ਹੁੰਦੀ ਹੈ। ਸਮੁੱਚੇ ਸੰਸਾਰ ਵਿਚ ਲੋਕਾਂ ਦਾ ਪਹਿਰਾਵਾ ਅਤੇ ਰਹਿਣ ਲਈ ਮਕਾਨ ਇਕੋ ਪ੍ਰਕਾਰ ਦੇ ਨਹੀਂ ਹਨ। ਇਹ ਠੀਕ ਹੈ ਕਿ ਲੋਕਾਂ ਦੇ ਪਹਿਰਾਵੇ ਉੱਤੇ ਸਭਿਆਚਾਰ ਦਾ ਪ੍ਰਭਾਵ ਹੁੰਦਾ ਹੈ, ਪਰੰਤੂ ਮੂਲ ਰੂਪ ਵਿਚ ਕੱਪੜੇ ਪਾਉਣ ਅਤੇ ਮਕਾਨ ਬਣਾਉਣ ਦੀ ਲੋੜ ਭੌਤਿਕ ਵਾਤਾਵਰਨ ਦੀ ਹੀ ਦੇਣ ਹੈ। ਅਜੋਕੇ ਯੁਗ ਵਿਚ ਉਹ ਦੇਸ਼ ਵਧੇਰੇ ਉੱਨਤੀ ਕਰ ਰਹੇ ਹਨ ਜਿਹਨਾਂ ਦੇਸ਼ਾਂ ਕੋਲ ਕੁਦਰਤੀ ਸਾਧਨਾਂ ਦੀ ਬਹੁਤਾਤ ਹੈ। ਇਸ ਦੇ ਉਲਟ ਕੁਦਰਤੀ ਸਾਧਨਾਂ ਦੀ ਥੁੜ੍ਹ ਕਿਸੇ ਦੇਸ਼ ਲਈ ਕਮਜ਼ੋਰੀ ਦਾ ਕਾਰਨ ਬਣਦੀ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਭੌਤਿਕ ਵਾਤਾਵਰਨ ਸਮਾਜਿਕ ਸੰਬੰਧਾਂ ਨੂੰ ਅਵੱਸ਼ ਹੀ ਪ੍ਰਭਾਵਿਤ ਕਰਦਾ ਹੈ ਤੇ ਇਸ ਕਾਰਨ ਇਸ ਨੂੰ ਸਮਾਜਿਕ ਪਰਿਵਰਤਨ ਦਾ ਇਕ ਮਹੱਤਵਪੂਰਨ ਤੱਥ ਮੰਨਿਆ ਜਾਂਦਾ ਹੈ।

**1.4.4.4 ਕੁਦਰਤੀ ਕਾਰਕ (Natural Factors)** : ਕੁਦਰਤੀ ਕ੍ਰੋਪੀਆਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਕਦੇ ਭੂਚਾਲ ਕਦੇ ਹੜ੍ਹ, ਕਦੇ ਬਾਰਿਸ਼ ਦੀ ਅਣਹੋਂਦ, ਕਦੇ ਵਿਨਾਸ਼ਕਾਰੀ ਬਿਮਾਰੀਆਂ ਅਤੇ ਕਦੇ ਸਮੁੰਦਰੀ ਤੂਫਾਨ ਲੋਕਾਂ ਦੀ ਭਿਆਨਕ ਤਬਾਹੀ ਦਾ ਕਾਰਨ ਬਣਦੇ ਹਨ। ਅਜਿਹੇ ਕੁਦਰਤੀ ਤੱਤ ਸਮਾਜਿਕ ਪ੍ਰਕਿਰਿਆ ਵਿਚ ਅਕਸਰ ਵਿਨਾਸ਼ਕਾਰੀ ਭੂਮਿਕਾ ਨਿਭਾਉਂਦੇ ਹਨ। ਕੁਦਰਤੀ ਕ੍ਰੋਪੀਆਂ ਦੇ ਫਲਸਰੂਪ ਦੇਸ਼ ਦੀ ਅਰਥ ਵਿਵਸਥਾ ਦੇ ਮੰਦ ਪ੍ਰਭਾਵ ਪੈਂਦੇ ਹਨ ਅਤੇ ਇਹ ਮੰਦੇ ਪ੍ਰਭਾਵ ਸਮੁੱਚੀ ਸਮਾਜਿਕ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦੇ ਹਨ। ਕੁਦਰਤੀ ਕ੍ਰੋਪੀਆਂ ਦੇ ਕਾਰਨ ਅਣਗਿਣਤ ਮਾਸੂਮ ਵਿਅਕਤੀ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਹਨਾਂ ਵਿਅਕਤੀਆਂ ਦੀ ਮੌਤ ਉਹਨਾਂ ਦੇ ਪਰਿਵਾਰ ਦੇ ਜੀਵਿਤ ਮੈਂਬਰਾਂ ਦੇ ਨਿੱਜੀ ਜੀਵਨ ਨੂੰ ਅਤੇ ਸਮੁੱਚੇ ਸਮਾਜਿਕ ਸੰਬੰਧਾਂ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਕੁਦਰਤੀ ਆਦਤਾਂ ਦੀ ਰੋਕਥਾਮ ਲਈ ਸਰਕਾਰ ਅਤੇ ਹੋਰ ਸੰਗਠਨਾਂ ਦੁਆਰਾ ਬਚਾਓ-ਯਤਨ ਕੀਤੇ ਜਾਂਦੇ ਹਨ। ਕੁਦਰਤੀ ਕ੍ਰੋਪੀਆਂ ਦੇ ਪੀੜਿਤ ਲੋਕਾਂ ਦੀ ਸਹਾਇਤਾ ਕਰਨ ਲਈ ਵੀ ਸਰਕਾਰ ਅਤੇ ਅਨੇਕਾ ਪ੍ਰਕਾਰ ਦੇ ਸਮਾਜ-ਸ੍ਰੇਣੀ ਗੈਰ-ਸਰਕਾਰੀ ਸੰਗਠਨ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਅਜਿਹੇ ਸੰਕਟ ਦੇ ਸਮੇਂ ਦੂਜੇ ਦੇਸ਼ ਅਤੇ ਅੰਤਰ-ਰਾਸ਼ਟਰੀ ਸੰਗਠਨ ਵੀ ਸਹਾਇਤਾ ਕਰਨ ਤੋਂ ਪਿੱਛੇ ਨਹੀਂ ਰਹਿੰਦੇ। ਇਹ ਸਭ ਕੁਝ ਕਿਸੇ ਨਾ ਕਿਸੇ ਰੂਪ ਵਿੱਚ ਸਮਾਜਿਕ ਪਰਿਵਰਤਨ ਦਾ ਕਾਰਨ ਬਣਦੇ ਹਨ।

**1.4.4.5 ਤਕਨੀਕੀ ਕਾਰਕ (Technical Factors)** : ਇਸ ਵਿਚ ਕੋਈ ਸੰਦੇਹ ਨਹੀਂ ਕੀ ਤਕਨੀਕੀ ਵਿਕਾਸ ਸਮਾਜਿਕ ਢਾਂਚੇ ਨੂੰ ਕਾਫ਼ੀ ਜ਼ਿਆਦਾ ਪ੍ਰਭਾਵਿਤ ਕਰਦਾ ਹੈ। ਕਾਢ ਅਤੇ ਖੋਜ ਸਾਡੇ ਅਜੋਕੇ ਯੁੱਗ ਦੇ ਪ੍ਰਮੁੱਖ ਲੱਛਣ ਹਨ। ਆਧੁਨਿਕ ਯੁੱਗ ਨੂੰ ਸ਼ਕਤੀ ਦਾ ਯੁੱਗ ਜਾਂ ਵਿਗਿਆਨ ਦਾ ਯੁੱਗ ਵੀ ਕਿਹਾ ਜਾਂਦਾ ਹੈ। ਜੇਕਰ ਆਧੁਨਿਕ ਯੁੱਗ ਦਾ ਸਰਵ ਪੱਖੀ ਨਿਰੀਖਣ ਕਰੀਏ ਤਾਂ ਸਾਨੂੰ ਇਹ ਪ੍ਰਤੀਤ ਹੋਵੇਗਾ ਕਿ ਮਸ਼ੀਨਰੀਕਰਨ ਇਸ ਯੁੱਗ ਦੀ ਮਹੱਤਵਪੂਰਨ ਵਿਸ਼ੇਸ਼ਤਾ ਹੈ। ਇਹ ਮਸ਼ੀਨੀਕਰਨ ਦੀ ਹੀ ਬਰਕਤ ਹੈ ਕਿ ਸਮੁੱਚੇ ਸੰਸਾਰ ਦੀ ਵਿਸ਼ਵ ਸਮਾਜ ਦੇ ਰੂਪ ਵਿਚ ਵਿਕਸਿਤ ਹੋਣ ਦੀ ਸੰਭਾਵਨਾ ਨੂੰ ਕੁਝ ਵਿਚਾਰਕ ਅਨੁਭਵ ਕਰਨ ਲੱਗ ਪਏ ਹਨ ਅਤੇ ਉਹਨਾਂ ਨੇ ਇਸ ਅਨੁਭਵ ਦੇ ਆਧਾਰ ਤੇ ਇਕ ਵਿਸ਼ਵ ਰਾਜ ਦਾ ਆਦਰਸ਼ ਪੇਸ਼ ਕੀਤਾ ਹੈ। ਤਕਨੀਕੀ ਵਿਕਾਸ ਨੇ ਸਮਾਜ ਦੇ ਪੇਂਡੂ ਖੇਤਰ ਵਿਚ ਵੀ ਸ਼ਹਿਰੀਕਰਨ ਦੀਆਂ ਪ੍ਰਥਾਵਾਂ ਚਲਾਈਆਂ ਹਨ ਅਤੇ ਇਹ ਤਕਨੀਕੀ ਵਿਕਾਸ ਦਾ ਹੀ ਸਿੱਟਾ ਹੈ ਕਿ ਵੱਡੇ-ਵੱਡੇ ਉਦਯੋਗਿਕ ਨਗਰ ਸੰਸਾਰ ਦੇ ਹਰੇਕ ਦੇਸ਼ ਵਿਚ ਹੋਂਦ ਵਿਚ ਆ ਰਹੇ ਹਨ। ਤਕਨੀਕੀ ਵਿਕਾਸ ਸਮਾਜਿਕ ਵਾਤਾਵਰਨ ਨੂੰ ਅਤੇ ਸਮਾਜਿਕ ਢਾਂਚੇ ਨੂੰ ਅਵੱਸ਼ ਪ੍ਰਭਾਵਿਤ ਕਰਦਾ ਹੈ। ਤਕਨੀਕੀ ਵਿਕਾਸ ਦੇ ਫਲਸਰੂਪ ਹੀ ਇਸਤਰੀਆਂ ਨੂੰ ਅਨੇਕਾਂ ਰੂਪ ਵਿਚ ਆਰਥਿਕ ਖੇਤਰ ਵਿਚ ਪ੍ਰਵੇਸ਼ ਕੀਤਾ ਹੈ ਅਤੇ ਇਸ ਤਰ੍ਹਾਂ ਪੁਰਖਾਂ ਉੱਤੇ ਉਹਨਾਂ ਦੀ ਨਿਰਭਰਤਾ ਘੱਟ ਹੋਈ ਹੈ। ਆਰਥਿਕ ਖੇਤਰ ਵਿਚ ਪ੍ਰਵੇਸ਼ ਕਰਨ ਨਾਲ ਇਸਤਰੀਆਂ ਨੂੰ ਰਾਜਨੀਤਿਕ ਖੇਤਰ ਵਿਚ ਮਾਨਤਾ ਦੇਣੀ ਪਈ ਹੈ। ਤਕਨੀਕੀ ਵਿਕਾਸ ਦੇ ਕਾਰਨ ਕਿਰਤੀਆਂ ਦੀ ਇਕ ਨਵੀਂ ਸ਼੍ਰੇਣੀ ਨੇ ਜਨਮ ਲਿਆ ਹੈ ਅਤੇ ਇਸ ਦੇ ਵਿਕਾਸ ਦੇ ਫਲਸਰੂਪ ਹੀ ਪੂੰਜੀਪਤੀਆਂ ਅਤੇ ਕਿਰਤੀਆਂ ਦੇ ਪਰਸਪਰ ਸੰਬੰਧਾਂ ਦੀ ਸਮੱਸਿਆ ਹਰੇਕ ਸਮਾਜ ਵਿਚ ਉਤਪੰਨ ਹੋਈ ਹੈ। ਤਕਨੀਕੀ ਵਿਕਾਸ ਨੇ ਪਰਿਵਾਰਿਕ ਜੀਵਨ ਵਿਚ ਇਕ ਕ੍ਰਾਂਤੀ ਜਿਹੀ ਲੈ ਆਂਦੀ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਤਕਨੀਕੀ ਵਿਕਾਸ ਦੇ ਅਨੇਕਾਂ ਪੱਖਾਂ ਤੋਂ ਸਮਾਜਿਕ ਸੰਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ ਅਤੇ ਇਸੇ ਕਾਰਨ ਤਕਨੀਕੀ ਵਿਕਾਸ ਸਮਾਜਿਕ ਪਰਿਵਰਤਨ ਦਾ ਇਕ ਮਹੱਤਵਪੂਰਨ ਤੱਥ ਮੰਨਿਆ ਜਾਂਦਾ ਹੈ।

**1.4.4.6 ਸਭਿਆਚਾਰਕ ਕਾਰਕ (Cultural Factors)** : ਸਭਿਆਚਾਰਕ ਕਾਰਕ ਸਮਾਜਿਕ ਪਰਿਵਰਤਨ ਦਾ ਅਤਿਅੰਤ ਮਹੱਤਵਪੂਰਨ ਤੱਥ ਹੈ। ਪ੍ਰਸਿੱਧ ਸਮਾਜ ਸ਼ਾਸਤਰੀ ਮੈਕਸ ਵੈਬਰ ਦਾ ਵਿਚਾਰ ਹੈ ਕਿ ਜਦੋਂ ਸਭਿਆਚਾਰ ਵਿਚ ਕੋਈ

ਪਰਿਵਰਤਨ ਹੁੰਦਾ ਹੈ ਤਾਂ ਉਸ ਦੇ ਨਾਲ ਦੂਜੀਆਂ ਸਮਾਜਿਕ ਤਬਦੀਲੀਆਂ ਜ਼ਰੂਰ ਹੁੰਦੀਆਂ ਹਨ। ਇਕ ਹੋਰ ਸਮਾਜ ਸ਼ਾਸਤਰੀ ਡਾਸਨ ਦਾ ਮਤ ਹੈ ਕਿ, ਸਭਿਆਚਾਰ ਸਮਾਜਿਕ ਪਰਿਵਰਤਨ ਨੂੰ ਦਿਸ਼ਾ ਅਤੇ ਗਤੀ ਪ੍ਰਦਾਨ ਕਰਦਾ ਹੈ ਤੇ ਉਹ ਸੀਮਾਂ ਨਿਸ਼ਚਿਤ ਕਰਦਾ ਹੈ ਜਿਸ ਤੋਂ ਬਾਹਰ ਸਮਾਜਿਕ ਪਰਿਵਰਤਨ ਨਹੀਂ ਹੋ ਸਕਦਾ।'' ਡਾਸਨ ਦੇ ਇਸ ਕਥਨ ਦਾ ਭਾਵ ਇਹ ਹੈ ਕਿ ਸਭਿਆਚਾਰ ਵਿਚ ਪਰਿਵਰਤਨ ਅਤੇ ਸਮਾਜਿਕ ਪਰਿਵਰਤਨ ਨਾਲ-ਨਾਲ ਚਲਦੇ ਹਨ। ਦਰਅਸਲ ਸੱਚਾਈ ਇਹ ਹੈ ਜਦੋਂ ਦੋ ਪ੍ਰਕਾਰ ਦੇ ਸਭਿਆਚਾਰਾਂ ਦਾ ਮੇਲ ਹੁੰਦਾ ਹੈ ਤਾਂ ਸਮਾਜਿਕ ਤਬਦੀਲੀਆਂ ਜ਼ਰੂਰ ਹੁੰਦੀਆਂ ਹਨ। ਆਧੁਨਿਕ ਯੁੱਗ ਵਿਚ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦੇ ਅਸਚਰਜਮਈ ਵਿਕਾਸ ਨੇ ਸੰਸਾਰ ਦੇ ਵੱਖ-ਵੱਖ ਸਭਿਆਚਾਰਾਂ ਨੂੰ ਦਾ ਮੇਲ ਹੁੰਦਾ ਹੈ ਤਾਂ ਸਮਾਜਿਕ ਤਬਦੀਲੀਆਂ ਜ਼ਰੂਰ ਹੁੰਦੀਆਂ ਹਨ। ਆਧੁਨਿਕ ਯੁੱਗ ਵਿਚ ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦੇ ਅਸਚਰਜਮਈ ਵਿਕਾਸ ਨੇ ਸੰਸਾਰ ਦੇ ਵੱਖ-ਵੱਖ ਸਭਿਆਚਾਰਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਹੈ। ਅਜੋਕੇ ਯੁੱਗ ਵਿਚ ਕਿਸੇ ਵੀ ਸਮਾਜ ਦਾ ਸਭਿਆਚਾਰ ਸ਼ੁੱਧ ਹੋਣ ਦਾ ਦਾਅਵਾ ਨਹੀਂ ਕਰ ਸਕਦਾ ਕਿਉਂਕਿ ਹਰੇਕ ਸਮਾਜ ਅਦੇ ਸਭਿਆਚਾਰ ਉੱਤੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਦੂਜੇ ਸਭਿਆਚਾਰਾਂ ਦਾ ਪ੍ਰਭਾਵ ਜ਼ਰੂਰ ਪੈਂਦਾ ਹੈ। **ਪੱਛਮੀ ਸਭਿਆਚਾਰ** ਦੇ ਪ੍ਰਭਾਵ ਹੇਠ ਭਾਰਤੀ ਸਮਾਜਿਕ ਜੀਵਨ ਨੇ ਇਕ ਨਵਾਂ ਮੋੜ ਲਿਆ ਸੀ ਅਤੇ ਦਿਨ-ਪ੍ਰਤੀਦਿਨ ਭਾਰਤੀਆਂ ਉੱਤੇ ਪੱਛਮੀ ਸਭਿਆਚਾਰ ਦੀ ਵਧੇਰੇ ਛਾਪ ਲੱਗ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤੀ ਸਮਾਜ ਵਿਚ ਸਮਾਜਿਕ ਪਰਿਵਰਤਨ ਦੀ ਗਤੀ ਕੁਝ ਤੇਜ਼ ਪ੍ਰਤੀਤ ਹੁੰਦੀ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਵੱਖ-ਵੱਖ ਸਭਿਆਚਾਰਾਂ ਵਿਚ ਸਮੇਲ ਹੋਵੇਗਾ ਤਾਂ ਅਜਿਹਾ ਸੁਮੇਲ ਅਵੱਸ਼ ਹੀ ਸਮਾਜਿਕ ਪਰਿਵਰਤਨ ਦਾ ਮਹੱਤਵਪੂਰਨ ਕਾਰਨ ਬਣੇਗਾ।

1.4.4.7 **ਮਨੋਵਿਗਿਆਨਕ ਕਾਰਕ (Psychological Factors)** : ਪ੍ਰਸਿੱਧ ਸਮਾਜ ਸ਼ਾਸਤਰੀ **ਗਿਲਿਨ ਅਤੇ ਗਿਲਿਨ** ਦਾ ਵਿਚਾਰ ਹੈ ਕਿ ਮਨੋਵਿਗਿਆਨਕ ਤੱਥ ਵੀ ਸਮਾਜਿਕ ਪਰਿਵਰਤਨ ਦੇ ਮਹੱਤਵਪੂਰਨ ਤੱਥ ਹਨ। ਉਹਨਾਂ ਦਾ ਵਿਚਾਰ ਹੈ ਕਿ ਭਾਵੇਂ ਲੋਕ ਪੁਰਾਣੇ ਰਸਮੋ-ਰਿਵਾਜਾਂ ਅਤੇ ਪਰੰਪਰਾਵਾਂ ਦਾ ਸਤਿਕਾਰ ਕਰਦੇ ਹਨ ਅਤੇ ਉਹ ਤਤਕਾਲੀ ਕ੍ਰਾਂਤੀਕਾਰੀ ਸਮਾਜਿਕ ਤਬਦੀਲੀਆਂ ਨਹੀਂ ਚਾਹੁੰਦੇ ਹਨ, ਪਰੰਤੂ ਉਹਨਾਂ ਦੇ ਮਨ ਵਿਚ ਇਹ ਇੱਛਾ ਹੁੰਦੀ ਹੈ ਕਿ ਸਹਿਜੇ -ਸਹਿਜੇ ਪੁਰਾਣੀ ਵਿਵਸਥਾ ਦੀ ਥਾਂ ਨਵੀਂ ਵਿਵਸਥਾ ਹੋਂਦ ਵਿਚ ਆਵੇ। ਦੂਜੇ ਸ਼ਬਦਾਂ ਵਿਚ, ਲੋਕਾਂ ਦੀ ਇਹ ਮਨੋਵਿਗਿਆਨਕ ਭਾਵਨਾ ਹੁੰਦੀ ਹੈ ਕਿ ਸਮਾਜ ਗਤੀਹੀਨ ਨਹੀਂ ਸਗੋਂ ਗਤੀਸ਼ੀਲ ਹੋਵੇ ਅਤੇ ਨਵੀਆਂ ਅਵਸਥਾਵਾਂ ਅਨੁਸਾਰ ਸਮਾਜ ਵਿਚ ਲੋੜੀਂਦੇ ਪਰਿਵਰਤਨ ਜ਼ਰੂਰ ਕੀਤੇ ਜਾਣ। ਮਨੁੱਖ ਅੰਦਰ ਪਰਿਵਰਤਨ ਦੀ ਇਕ ਸੁਭਾਵਿਕ ਭਾਵਨਾ ਹੈ । ਉਸ ਦੇ ਮਨ ਵਿਚ ਇਹ ਤੀਬਰ ਇੱਛਾ ਹੁੰਦੀ ਹੈ ਕਿ ਉਹ ਨਵੇਂ ਖੇਤਰਾਂ ਦੀ ਖੋਜ ਕਰੇ ਅਤੇ ਨਵੀਆਂ ਵਿਵਸਥਾਵਾਂ ਗ੍ਰਹਿਣ ਕਰੇ। ਸਾਡੇ ਕਹਿਣ ਦਾ ਭਾਵ ਹੈ ਇਹ ਹੈ ਕਿ ਸਮਾਜ ਸ਼ਾਸਤਰੀ ਮਨੁੱਖ ਦੀ ਇਸ ਮਨੋਵਿਗਿਆਨਕ ਭਾਵਨਾ ਨੂੰ ਵੀ ਸਮਾਜਿਕ ਪਰਿਵਰਤਨ ਦਾ ਇਕ ਮਹੱਤਵਪੂਰਨ ਤੱਥ ਮੰਨਦੇ ਹਨ।

1.4.4.8. **ਨਵੇਂ ਵਿਚਾਰ (New Ideas)** : ਸਮਾਜਿਕ ਪਰਿਵਰਤਨ ਨੂੰ ਲਿਆਉਣ ਵਿਚ ਨਵੇਂ ਵਿਚਾਰ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਤਿਹਾਸ ਇਸ ਗੱਲ ਦੀ ਪੁਸ਼ਟੀ ਕਰਦ ਹਾ ਹੈ ਕਿ ਸਮੇਂ ਸਮੇਂ ਤੇ ਅਜਿਹੇ ਮਹਾਨ ਵਿਚਾਰਕ ਹੋਏ ਹਨ, ਜਿਹਨਾਂ ਨੇ ਆਪਣੇ ਵਿਚਾਰਾਂ ਦੇ ਬਲ ਨਾਲ ਸਮਾਜਿਕ ਸੰਬੰਧਾਂ ਨੂੰ ਕਾਫ਼ੀ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਉਦਾਹਰਨ ਵਜੋਂ, ਰਾਜਾ ਰਾਮ ਮੋਹਨ ਰਾਏ ਪਹਿਲੇ ਭਾਰਤੀ ਸਨ ਜਿਨ੍ਹਾਂ ਦੇ ਵਿਚਾਰਾਂ ਅਤੇ ਅਣਥਕ ਯਤਨਾਂ ਨੇ ਬਰਤਾਨਵੀਂ ਸਰਕਾਰ ਨੂੰ ਭਾਰਤ ਵਿਚੋਂ ਸਤੀ ਦੀ ਅਣਮਨੁੱਖੀ ਰਸਮ ਸਮਾਪਤ ਕਰਨ ਲਈ ਪ੍ਰੇਰਨਾ ਦਿੱਤੀ ਸੀ। ਇਸ ਗੱਲ ਤੋਂ ਕੌਣ ਇਨਕਾਰ ਕਰ ਸਕਦਾ ਹੈ ਕਿ ਕਾਰਲ ਮਾਰਕਸ ਦੇ ਵਿਚਾਰਾਂ ਨੇ ਸਮੁੱਚੇ ਸੰਸਾਰ ਦੇ ਸਮਾਜਾਂ ਦੇ ਢਾਂਚਿਆਂ ਅਤੇ ਸੰਬੰਧਾਂ ਨੂੰ ਬਿਲਕੁੱਲ ਹੀ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ। ਸਾਡੇ ਕਹਿਣਾ ਦਾ ਭਾਵ ਇਹ ਹੇ ਕਿ ਮਹਾਨ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਚਾਰਕਾਂ ਦੇ ਵਿਚਾਰ ਵੀ ਸਮਾਜਿਕ ਪਰਿਵਰਤਨ ਦੇ ਮਹੱਤਵਪੂਰਨ ਤੱਥ ਸਿੱਧ ਹੁੰਦੇ ਹਨ। ਇਹ ਤਾਂ ਠੀਕ ਹੈ ਕਿ ਉਪਰੋਕਤ ਵਰਣਤ ਤੱਥ ਸਮਾਜਿਕ ਪਰਿਵਰਤਨ ਦੇ ਮਹੱਤਵਪੂਰਨ ਕਾਰਨ ਬਣਦੇ ਹਨ, ਪਰੰਤੂ ਇਹ ਕਹਿਣਾ ਠੀਕ ਨਹੀਂ ਹੈ ਕਿ ਇਹ ਸਾਰੇ ਤੱਥ ਸਮਾਜਾਂ ਵਿਚ ਸਮਾਨ ਰੂਪ ਵਿਚ ਭੂਮਿਕਾ ਨਿਭਾਉਂਦੇ ਹਨ। ਦਰਅਸਲ ਸੱਚਾਈ ਇਹ ਹੈ ਕਿ ਕਿਸੇ ਸਮਾਜ ਵਿਚ ਵਸੋਂ ਦਾ ਵਾਧਾ ਸਮਾਜਿਕ ਪਰਿਵਰਤਨ ਦਾ ਕਾਰਨ ਬਣਦਾ ਹੈ ਅਤੇ ਕਿਸੇ ਦੂਸਰੇ ਸਮਾਜ ਵਿਚ ਵਸੋਂ ਦਾ ਥੋੜ੍ਹਾ ਹੋਣਾ ਉਸ ਦੇ ਸਮਾਜਿਕ ਸੰਬੰਧਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸੇ ਤਰ੍ਹਾਂ ਕਿਸੇ ਸਮਾਜ ਵਿਚ ਤਕਨੀਕੀ ਵਿਕਾਸ ਸਮਾਜਿਕ ਪਰਿਵਰਤਨ ਦਾ ਵਧੇਰੇ ਪ੍ਰਭਾਵਸ਼ਾਲੀ ਸਾਧਨ ਸਿੱਧ ਹੁੰਦਾ ਹੈ ਅਤੇ ਕਈ ਅਜਿਹੇ ਪੱਛੜੇ ਸਮਾਜ ਵੀ ਹਨ ਜਿੱਥੇ ਤਕਨੀਕੀ ਵਿਕਾਸ ਸਮਾਜਿਕ ਪਰਿਵਰਤਨ ਦਾ ਇਤਨਾ

ਜ਼ਿਆਦਾ ਪ੍ਰਭਾਵਸ਼ਾਲੀ ਸਾਧਨ ਸਿੱਧ ਨਹੀਂ ਹੁੰਦੇ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਇਹ ਸਮਾਜ ਦੇ ਸਰੂਪ ਤੇ ਨਿਰਭਰ ਕਰਦਾ ਹੈ ਕਿ ਸਮਾਜਿਕ ਪਰਿਵਰਤਨ ਦਾ ਕਿਹੜਾ ਤੱਥ ਉੱਥੇ ਵਧੇਰੇ ਪ੍ਰਭਾਵਸ਼ਾਲੀ ਸਿੱਧ ਹੋਵੇਗਾ।

**ਸਵੈ ਅਭਿਆਸ ਲਈ ਪ੍ਰਸ਼ਨ- I**

(1) ਸਮਾਜਿਕ ਪਰਿਵਰਤਨ ਨਾਲ ਹੀ..................ਪਰਿਵਰਤਨ ਜੁੜਿਆ ਹੋਇਆ ਹੈ।

2) ਮੈਕਾਈਵਰ ਅਨੁਸਾਰ ਸਮਾਜਿਕ ਪਰਿਵਰਤਨ ਕੀ ਹੈ ?

### 1.4.5 ਸਮਾਜਿਕ ਪਰਿਵਰਤਨ ਦੇ ਸਿਧਾਂਤ (Theories of Social Change)

ਸਮਾਜਿਕ ਪਰਿਵਰਤਨ ਸੰਬੰਧੀ ਇਹ ਇੱਕ ਮਹੱਤਵਪੂਰਨ ਪ੍ਰਸ਼ਨ ਉਤਪੰਨ ਹੁੰਦਾ ਹੈ ਕਿ ਸਮਾਜਿਕ ਪਰਿਵਰਤਨ ਕਿਉਂ ਅਤੇ ਕਿਸ ਤਰ੍ਹਾਂ ਹੁੰਦਾ ਹੈ। ਇਸ ਪ੍ਰਸ਼ਨ ਦਾ ਉੱਤਰ ਦੇਣ ਲਈ ਅਨੇਕਾਂ ਸਮਾਜ ਸ਼ਾਸ਼ਤਰੀਆਂ ਨੇ ਆਪਣੇ ਆਪਣੇ ਵਿਚਾਰ ਪ੍ਰਗਟਾਏ ਹਨ। ਉਹਨਾਂ ਦੇ ਅਜਿਹੇ ਵਿਚਾਰ ਸਮਾਜਿਕ ਪਰਿਵਰਤਨ ਦੇ ਪ੍ਰਮੁੱਖ ਸਿਧਾਂਤ ਮੰਨੇ ਜਾਂਦੇ ਹਨ। ਅਜਿਹੇ ਕੁਝ ਮਹੱਤਵਪੂਰਨ ਸਿੱਧਾਤਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ।

**1.4.5.1. ਪਤਨ ਦਾ ਸਿਧਾਂਤ** : ਕੁਝ ਵਿਚਾਰਕਾਂ ਨੇ ਸਮਾਜਿਕ ਪਰਿਵਰਤਨ ਨੂੰ ਪਤਨ ਦਾ ਪ੍ਰਤੀਕ ਦੱਸਿਆ ਹੈ। ਉਹਨਾਂ ਦੇ ਵਿਚਾਰਾਂ ਅਨੁਸਾਰ ਮਨੁੱਖ ਆਰੰਭ ਵਿਚ ਪੂਰਨ ਪ੍ਰਸੰਨਤਾ ਦੀ ਵਿਵਸਥਾ ਵਿਚ ਰਹਿੰਦਾ ਸੀ। ਪਰ ਕੁੱਝ ਸਮੇਂ ਮਗਰੋ ਅਜਿਹੀ ਅਵਸਥਾ ਦਾ ਪਤਨ ਹੋਣਾ ਆਰੰਭ ਹੋਇਆ ਅਤੇ ਇਸਦੇ ਫਲਸਰੂਪ ਮਨੁੱਖ ਗਿਰਾਵਟ ਵਲ ਜਾਂਦਾ ਗਿਆ। ਮਨੁੱਖ ਦਾ ਇਹ ਪਤਨ ਨਿਰੰਤਰ ਰੂਪ ਵਿਚ ਚਲ ਰਿਹਾ ਹੈ ਅਤੇ ਇਸ ਪਤਨ ਨਾਲ ਹੀ ਸਮਾਜਿਕ ਪਰਿਵਰਤਨ ਦੀ ਕ੍ਰਿਆ ਸੰਬੰਧਿਤ ਹੈ। ਆਪਣੇ ਇਸ ਸਿਧਾਂਤ ਦੇ ਸਮਰਥਨ ਵਿਚ ਅਜਿਹੇ ਵਿਚਾਰਕ ਮਿਥਿਹਾਸਕ ਕਹਾਣੀਆਂ ਦਾ ਸਹਾਰਾ ਲੈਂਦੇ ਹਨ। ਹਿੰਦੂ ਮਿਥਿਹਾਸ ਦੇ ਅਨੁਸਾਰ ਮਨੁੱਖ ਚਾਰ ਯੁੱਗਾਂ ਵਿਚੋਂ ਗੁਜ਼ਰਿਆ ਹੈ। ਇਹ ਯੁੱਗ ਹਨ। ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ। ਸਤਿਯੁਗ ਇਹਨਾਂ ਸਾਰਿਆਂ ਵਿਚੋਂ ਸਰਵ-ਉੱਤਮ ਸੀ ਅਤੇ ਇਸ ਯੁੱਗ ਵਿਚ ਮਨੁੱਖ ਬੜਾ ਈਮਾਨਦਾਰ, ਸੱਚਾਈ ਪੂਰਨ ਅਤੇ ਪ੍ਰਸੰਨ ਸੀ। ਇਸ ਮਗਰੋਂ ਮਨੁੱਖ ਦੇ ਪਤਨ ਦਾ ਆਰੰਭ ਹੋਇਆ ਅਤੇ ਫਿਰ ਤ੍ਰੇਤਾ, ਦੁਆਪਰ ਅਤੇ ਕਲਯੁੱਗ ਵਿਚੋਂ ਮਨੁੱਖ ਨੂੰ ਗੁਜ਼ਰਨਾ ਪਿਆ। ਵਰਤਮਾਨ ਸਮਾਂ ਕਲਯੁੱਗ ਦਾ ਹੈ ਅਤੇ ਇਸ ਯੁੱਗ ਵਿਚ ਮਨੁੱਖ ਬੇਈਮਾਨ, ਧੋਖੇਬਾਜ਼, ਝੂਠਾ, ਸੁਆਰਥੀ ਅਤੇ ਦੁੱਖੀ ਹੈ। ਸੰਖੇਪ ਵਿਚ ਪਤਨ ਦੇ ਸਿਧਾਂਤ ਦੇ ਸਮਰਥਕਾਂ ਦਾ ਇਹ ਮੱਤ ਹੈ ਕਿ ਸਮੇਂ ਦੀ ਚਾਲ ਦੇ ਨਾਲ-ਨਾਲ ਸਮਾਜ ਦਾ ਪਤਨ ਹੋ ਰਿਹਾ ਹੈ ਤੇ ਇਹ ਪਤਨ ਹੀ ਸਮਾਜਿਕ ਪਰਿਵਰਤਨ ਦਾ ਪ੍ਰਤੀਕ ਹੈ।

**1.4.5.2. ਚੱਕਰ ਦਾ ਸਿੱਧਾਂਤ (Cyclic Theory)** : ਕੁਝ ਆਧੁਨਿਕ ਵਿਚਾਰਕਾਂ ਨੇ ਸਮਾਜਿਕ ਪਰਿਵਰਤਨ ਸਬੰਧੀ ਚੱਕਰ ਦਾ ਸਿਧਾਂਤ ਪੇਸ਼ ਕੀਤਾ ਹੈ। ਇਹਨਾਂ ਵਿਚਾਰਾਂ ਵਿੱਚ **ਸਪੈਜਲਰ (Spengler), ਵਿਲਕਰਿਡੋ ਪ੍ਰੇਰੇਟੋ, ਸੋਰੋਕਿਨ ਅਤੇ ਏ.ਜੇ.ਟੌਨਬੀ** ਆਦਿ ਦੇ ਨਾਮ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹਨ। ਇਹਨਾਂ ਵਿਚਾਰਕਾਂ ਦਾ ਇਹ ਵਿਸ਼ਵਾਸ ਹੈ ਕਿ ਸਮਾਜਿਕ ਪਰਿਵਰਤਨ ਇਕ ਚੱਕਰ ਦਾ ਸਿੱਟਾ ਹੈ। ਸਪੈਜਲਰ ਦਾ ਵਿਚਾਰ ਹੈ ਕਿ ਜਿਸ ਤਰ੍ਹਾਂ ਦਿਨ ਅਤੇ ਰਾਤ ਦਾ ਚੱਕਰ ਚਲ ਰਿਹਾ ਹੈ ਇਸੇ ਤਰ੍ਹਾਂ ਸਮਾਜ ਦਾ ਵੀ ਇਕ ਨਿਰੰਤਰ ਚੱਕਰ ਚਲਦਾ ਰਹਿੰਦਾ ਹੈ। ਸਮਾਜ ਦੇ ਇਸਚੱਕਰ ਵਿਚ ਸਮਾਜ ਦਾ ਜਨਮ, ਵਿਕਾਸ, ਪਰਿਪਕਤਾ (Maturity) ਅਤੇ ਪਤਨ ਸ਼ਾਮਲ ਹੈ। ਇਕ ਹੋਰ ਸਮਾਜ ਸ਼ਾਸਤਰੀ ਜੇ.ਬੀ. ਬਰੀ ਵੀ ਇਸ ਵਿਚਾਰ ਦਾ ਹੀ ਸਮਰੱਥਕ ਹੈ। ਉਸ ਨੇ ਮਿਸ਼ਰ, ਰੋਮਨ, ਯੂਨਾਨੀ ਆਦਿ ਸਭਿਆਤਾਵਾਂ ਦਾ ਵਿਸ਼ਲੇਸ਼ਣ ਕਰਕੇ ਇਹ ਸਿੱਟਾ ਕੱਢਿਆ ਸੀ ਕਿ ਇਸ ਚੱਕਰ ਦੇ ਸਿਧਾਂਤ ਕਾਰਨ ਹੀ ਇਹਨਾਂ ਸੱਭਿਆਤਾਵਾਂ ਦਾ ਪਤਨ ਹੋਇਆ ਸੀ। ਸਟੂਅਰਟ-ਚੇਪਿੰਨ ਨਾਮ ਦੇ ਸਮਾਜ ਸਾਸਤਰੀ ਦਾ ਇਹ ਵਿਚਾਰ ਹੈ ਕਿ ਵਿਕਾਸ ਅਤੇ ਪਤਨ ਗਤੀਸ਼ੀਲ ਸਮਾਜਿਕ ਤੱਥ ਹਨ ਅਤੇ ਇਹ ਅਵੱਸ਼ ਹੀ ਸਮਾਜ ਦੇ ਨਾਲ ਚਲਦੇ ਹਨ ਤੇ ਕੋਈ ਵੀ ਸ਼ਕਤੀ ਸਮਾਜ ਦੇ ਵਿਕਾਸ ਅਤੇ ਪਤਨ ਦੀ ਵਿਧੀ ਨੂੰ ਰੋਕ ਨਹੀਂ ਸਕਦੀ। ਸੋਰੋਕਿਨ ਨਾਮੀ ਸਮਾਜ ਸ਼ਾਸਤਰੀ ਦਾ ਵਿਚਾਰ ਹੈ ਕਿ ਜਦੋਂ ਸਮਾਜ ਸਾਰੀਆਂ ਅਵਸਥਾਵਾਂ ਵਿਚੋਂ ਗੁਜ਼ਰ ਜਾਂਦਾ ਹੈ ਤਾਂ ਫਿਰ ਇਹ ਆਪਣੇ ਗੌਰਵ ਦੀਆਂ ਸਿਖਰਾਂ ਨੂੰ ਛੂਹ ਰਿਹਾ ਹੁੰਦਾ ਹੈ। ਜਦੋਂ ਸਮਾਜ ਅਜਿਹੀ ਅਵਸਥਾ ਤੱਕ ਪੁੱਜ ਜਾਂਦਾ ਹੈ ਤਾਂ ਫਿਰ ਇਸ ਦੇ ਪਤਨ ਦੀ ਵਿਧੀ ਆਰੰਭ ਹੁੰਦੀ ਹੈ। ਗੌਰਵ ਦੀਆਂ ਸਿਖਰਾਂ ਤੱਕ ਪੁੱਜਣਾ ਅਤੇ ਫਿਰ ਪਤਨ ਦੀ ਵਿਧੀ ਦਾ ਆਰੰਭ ਹੋਣਾ ਸਮਾਜ ਦੇ ਇਸ ਚਲ ਰਹੇ ਚੱਕਰ ਦਾ ਹੀ ਪ੍ਰਤੀਕ ਹੈ। ਸਾਡੇ ਕਹਿਣਾ ਦਾ ਭਾਵ ਇਹ ਹੈ ਕਿ ਇਹ ਸਾਰੇ ਵਿਚਾਰਕ ਇਸ ਵਿਚਾਰ ਦੇ ਸਮਰਥਕ ਹਨ ਕਿ ਸਮਾਜ ਦਾ ਇਹ ਚੱਕਰ ਨਿਰੰਤਰ ਰੂਪ ਵਿਚ ਚਲ ਰਿਹਾ ਹੈ ਅਤੇ ਸਮਾਜ ਦਾ ਜਨਮ, ਵਿਕਾਸ, ਪਰਿਪਕਤਾ ਅਤੇ ਪਤਨ ਚੱਕਰ ਦੇ ਹੀ ਸਿੱਟੇ ਹਨ।

**1.4.5.3. ਅਵਸਥਾ ਸਿਧਾਂਤ** : ਕੁਝ ਵਿਚਾਰਕਾਂ ਨੇ ਸਮਾਜਿਕ ਪਰਿਵਰਤਨ ਸਬੰਧੀ ਇਹ ਸਿਧਾਂਤ ਪੇਸ਼ ਕੀਤਾ ਹੈ ਕਿ ਸਮਾਜ ਸਹਿਜੇ-ਸਹਿਜੇ ਸਭਿਅਤਾ ਦੇ ਉਚੇਰੇ ਪੱਧਰ ਵਲ ਵੱਧ ਰਿਹਾ ਹੈ। ਦੂਜੇ ਸ਼ਬਦਾਂ ਵਿਚ ਸਮਾਜ ਸੁਧਾਰ ਦੀ ਦਿਸ਼ਾ ਪ੍ਰਤੀ ਵਿਕਾਸ ਚਲ ਰਿਹਾ ਹੈ ਅਤੇ ਇਸ ਵਿਕਾਸ ਕ੍ਰਮ ਵਿਚ ਸਮਾਜ ਨੂੰ ਕਈ ਅਵਸਥਾਵਾਂ ਵਿਚੋਂ ਗੁਜ਼ਰਨਾ ਪਿਆ ਹੈ। ਆਗਸਟ ਕਾਮਟੇ ਦਾ ਵਿਚਾਰ ਹੈ ਕਿ ਸਮਾਜ ਅਜਿਹੀਆਂ ਤਿੰਨ ਅਵਸਥਾਵਾਂ ਵਿਚੋਂ ਗੁਜ਼ਰਿਆ ਹੈ। ਪਹਿਲੀ ਅਵਸਥਾ ਉਹ ਸੀ ਜਦੋਂ ਸਮਾਜ ਦੈਵੀ ਸ਼ਕਤੀਆਂ ਤੇ ਵਿਸ਼ਵਾਸ ਕਰਦਾ ਸੀ ਅਤੇ ਲੋਕ ਇਹ ਅਨੁਭਵ ਕਰਦੇ ਸਨ ਕਿ ਦੈਵੀ ਸ਼ਕਤੀਆਂ ਹੀ ਉਹਨਾਂ ਦੇ ਸਮਾਜਿਕ ਵਿਹਾਰ ਨੂੰ ਨਿਯੰਤਰਿਤ ਕਰਦੀਆਂ ਸਨ। ਫਿਰ ਦੂਜੀ ਅਵਸਥਾ ਆਈ ਜਦੋਂ ਸਮਾਜ ਨੇ ਦੈਵੀ ਸ਼ਕਤੀਆਂ ਸੰਬੰਧੀ ਆਪਣੇ ਵਿਚਾਰ ਬਦਲੇ ਅਤੇ ਲੋਕਾਂ ਨੇ ਸਮਾਜਿਕ ਵਿਹਾਰ ਨੂੰ ਨਿਰਪੇਖ ਵਿਚਾਰਾਂ ਦੇ ਆਧਾਰ 'ਤੇ ਵਰਣਨ ਕਰਨਾ ਆਰੰਭ ਕਰ ਦਿੱਤਾ। ਦੂਜੇ ਸ਼ਬਦਾਂ ਵਿਚ ਲੋਕਾਂ ਨੇ ਇਹ ਅਨੁਭਵ ਕੀਤਾ ਕਿ ਕੋਈ ਨਿਰਪੱਖ ਵਿਚਾਰ ਉਹਨਾਂ ਦੇ ਸਮਾਜਿਕ ਵਿਚਾਰ ਨੂੰ ਨਿਯੰਤਰਿਤ ਕਰਦੇ ਹਨ। ਕਾਮਟੇ ਦਾ ਵਿਚਾਰ ਹੈ ਕਿ ਵਰਤਮਾਨ ਅਵਸਥਾ ਸਮਾਜ ਦੀ ਤੀਜੀ ਅਵਸਥਾ ਹੈ ਜਿਸ ਨੂੰ ਸਾਕਾਰਤਮਕ ਅਵਸਥਾ (Positive State) ਕਿਹਾ ਜਾਂਦਾ ਹੈ। ਇਸ ਅਵਸਥਾ ਵਿਚ ਸਮਾਜਿਕ ਵਿਹਾਰ ਨੂੰ ਵਿਵਹਾਰਿਕ ਰੂਪ ਵਿਚ ਨਿਯੰਤਰਿਤ ਕਰਨ ਵਾਲੀਆਂ ਸ਼ਕਤੀਆਂ ਦੇ ਆਧਾਰ ਤੇ ਵਿਚਾਰਿਆ ਜਾਂਦਾ ਹੈ। ਅਵਸਥਾ ਸਥਿਤੀ ਦੇ ਦੂਜੇ ਸਮਰਥਕ ਹਰਬਰਟ ਸਪੈਸਟਰ ਹਨ।

**1.4.5.4 ਨਿਸ਼ਚੇਵਾਦੀ ਸਿਧਾਂਤ** : ਨਿਸ਼ਚੇਵਾਦੀ ਸਿਧਾਂਤ ਦੇ ਸਮਰਥਕਾਂ ਦਾ ਇਹ ਮਤ ਹੈ ਕਿ ਸਮਾਜਿਕ ਪਰਿਵਰਤਨ ਨੂੰ ਲਿਆਉਣ ਲਈ ਕੁਝ ਵਿਸ਼ੇਸ਼ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਕਾਰਲ ਮਾਰਕਸ ਦਾ ਵਿਚਾਰ ਹੈ ਕਿ ਪਦਾਰਥਕ ਅਵਸਥਾਵਾਂ ਸਮਾਜਿਕ ਪਰਿਵਰਤਨ ਦੇ ਪ੍ਰਮੁੱਖ ਨਿਰਮਾਣਿਤ ਤੱਕ ਹਨ। ਉਹਨਾਂ ਦਾ ਇਹ ਮਤ ਹੇ ਕਿ ਜਦੋਂ ਉਤਪਾਦਨ ਅਤੇ ਵੰਡ ਦੀ ਪ੍ਰਣਾਲੀ ਵਿਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਉਸ ਦਾ ਪ੍ਰਭਾਵ ਸਮਾਜਿਕ ਸੰਬੰਧਾਂ ਉੱਤੇ ਵੀ ਪੈਂਦਾ ਹੈ। ਕਾਰਲ ਮਾਰਕਸ ਦਾ ਇਏ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਹਰੇਕ ਸਮਾਜ ਵਿਚ ਇਕ ਸ਼੍ਰੇਣੀ ਸੰਘਰਸ਼ ਨਿਰੰਤਰ ਰੂਪ ਵਿਚ ਚਲ ਰਿਹਾ ਹੈ, ਤੇ ਇਸ ਸੰਘਰਸ਼ ਵਿਚ ਆਰਥਿਕ ਪੱਖ ਤੋਂ ਸ਼ਕਤੀਸ਼ਾਲੀ ਸ਼੍ਰੇਣੀ ਕਮਜ਼ੋਰ ਵਰਗਾਂ ਦੇ ਲੋਕਾਂ ਅਤੇ ਕਿਰਤੀਆਂ ਦੀ ਆਰਥਿਕ ਲੁੱਟ-ਖਸੁੱਟ ਕਰਦੀ ਹੈ। ਉਨ੍ਹਾਂ ਦੇ ਮਤ ਅਨੁਸਾਰ ਜਦੋਂ ਸਮਾਜ ਇਕ ਪ੍ਰਕਾਰ ਦੀ ਆਰਥਿਕ ਪ੍ਰਣਾਲੀ ਨੂੰ ਛੱਡ ਕੇ ਦੂਜੀ ਆਰਥਿਕ ਪ੍ਰਣਾਲੀ ਗ੍ਰਹਿਣ ਕਰਦਾ ਹੈ ਤਾਂ ਅਵੱਸ਼ ਹੀ ਇਸ ਦੇ ਨਾਲ ਸਮਾਜਿਕ ਪਰਿਵਰਤਨ ਦੀ ਕ੍ਰਿਆ ਵੀ ਹੁੰਦੀ ਹੈ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਨ ਹਾਂ ਕਿ ਕਾਰਲ ਮਾਰਕਸ ਦੇ ਵਿਚਾਰ ਅਨੁਸਾਰ, ਆਰਥਿਕ ਤੱਤ ਸਮਾਜਿਕ ਪਰਿਵਰਤਨ ਦਾ ਅਤਿਅੰਤ ਮਹੱਤਵਪੂਰਨ ਆਧਾਰ ਬਣਦੇ ਹਨ।

**ਕਾਰਲ ਮਾਰਕਸ** ਦਾ ਕਥਨ ਹੈ, ''ਸਾਰੇ ਰਾਜਨੀਤਿਕ ਸਮਾਜਿਕ ਅਤੇ ਬੋਧਿਕ ਸੰਬੰਧ, ਸਾਰੀਆਂ ਧਾਰਮਿਕ ਅਤੇ ਕਾਨੂੰਨੀ ਪ੍ਰਣਾਲੀਆਂ, ਸਾਰੇ ਸਿਧਾਂਤਕ ਦ੍ਰਿਸ਼ਟੀਕੋਟ ਜਾਂ ਇਤਿਹਾਸ ਵਿਚ ਸਮੇਂ-ਸਮੇਂ ਤੇ ਉਤਪੰਨ ਹੁੰਦੇ ਰਹਿੰਦੇ ਹਨ, ਜੀਵਨ ਦੀਆਂ ਭੌਤਿਕ ਅਵਸਥਾਵਾਂ ਵਿਚੋਂ ਨਿਕਲਦੇ ਹਨ।

ਕਾਰਲ ਮਾਰਕਸ ਅਤੇ ਉਸ ਦੇ ਸਮਰਥਕ ਵਿਚਾਰਕ ਆਰਥਿਕ ਤੱਤ ਨੂੰ ਸਮਾਜਿਕ ਪਰਿਵਰਤਨ ਦਾ ਇਕੋ ਇਕ ਤੱਤ ਮੰਨਦੇ ਹਨ। ਸਮਾਜਿਕ ਪਰਿਵਰਤਨ ਦੇ ਇਸ ਸਿਧਾਂਤ ਨੂੰ ਨਿਸ਼ਚੇਵਾਦੀ ਸਿਧਾਂਤ ਕਿਹਾ ਜਾਂਦਾ ਹੈ।

**1.4.5.5. ਧਰਮ ਦਾ ਸਿਧਾਂਤ** : ਅਨੇਕਾਂ ਸਮਾਜ ਸ਼ਾਸਤਰੀ ਸਮਾਜਿਕ ਪਰਿਵਰਤਨ ਸੰਬੰਧੀ ਕਾਰਲ ਮਾਰਕਸ ਦੇ ਵਿਚਾਰਾਂ ਨੂੰ ਸਵੀਕਾਰ ਨਹੀਂ ਕਰਦੇ। ਉਹਨਾਂ ਦਾ ਵਿਚਾਰ ਹੈ ਕਿ ਆਰਥਿਕ ਤੱਥ ਅਵੱਸ਼ ਹੀ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੇ ਹਨ, ਪਰੰਤੂ ਆਰਥਿਕ ਤੱਕਾਂ ਤੋਂ ਇਲਾਵਾ ਕੁਝ ਹੋਰ ਵੀ ਅਜਿਹੇ ਤੱਥ ਹਨ ਜੋ ਸਮਾਜਿ ਪਰਿਵਰਤਨ ਦਾ ਮੂਲ ਆਧਾਰ ਬਣਦੇ ਹਨ। ਮੈਕਸ ਵੈਬਰ ਦਾ ਇਹ ਵਿਚਾਰ ਹੈ ਕਿ ਸਮਾਜਿਕ ਪਰਿਵਰਤਨ ਵਿਚ ਧਰਮ ਦੀ ਹੀ ਮਹੱਤਵਪੂਰਨ ਭੂਮਿਕਾ ਹੈ। ਆਪਣੇ ਇਸ ਵਿਚਾਰ ਦੀ ਪੁਸ਼ਟੀ ਲਈ ਉਹਨਾਂ ਨੇ ਇਹ ਕਿਹਾ ਕਿ ਹਿੰਦੂ ਮੱਤ, ਇਸਲਾਮ ਅਤੇ ਇਸਾਈ ਮੱਤ ਦੇ ਹੋਂਦ ਵਿਚ ਆਉਣ ਨਾਲ ਅਤਿਅੰਤ ਮਹੱਤਵਪੂਰਨ ਸਮਾਜਿਕ ਤਬਦੀਲੀਆਂ ਹੋਈਆਂ ਸਨ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਜਿਹੇ ਸਮਾਜ ਸ਼ਾਸਤਰੀ ਇਸ ਵਿਚਾਰ ਦੇ ਸਮਰਥਕ ਹਨ ਕਿ ਆਰਥਿਕ ਤੱਕਾਂ ਤੋਂ ਇਲਾਵਾ ਧਰਮ ਨੇ ਵੀ ਸਮਾਜਿਕ ਪਰਿਵਰਤਨ ਸੰਬੰਧੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

**1.4.5.6. ਕ੍ਰਮਬੱਧ ਯਤਨਾਂ ਦਾ ਸਿਧਾਂਤ** : ਇਸ ਸਿਧਾਂਤ ਦੇ ਸਮਰਥਕਾਂ ਦਾ ਇਹ ਮੱਤ ਹੈ ਕਿ ਸਮਾਜਿਕ ਪਰਿਵਰਤਨ ਆਪਣੇ ਆਪ ਨਹੀਂ ਹੁੰਦਾ,ਸਗੋਂ ਇਸ ਮੰਤਵ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਹੁੰਦੀ ਹੈ। ਇਸ ਸਿਧਾਂਤ ਦੇ ਸਮਰਥਕਾਂ ਵਿਚੋਂ **ਲੁਡਵਿਗ ਸਟੀਨ ਅਤੇ ਹੱਬ ਹਾਊਸ** ਦੇ ਨਾਮ ਵਿਸ਼ੇਸ਼ ਤੌਰ ਤੇ ਪ੍ਰਸਿੱਧ ਹਨ। ਇਹਨਾਂ ਵਿਚਾਰਕਾਂ ਦਾ ਇਹ ਮੱਤ ਹੈ ਕਿ ਨਾ ਤਾਂ ਭੌਤਿਕਵਾਦੀ ਅਤੇ ਨਾ ਹੀ ਗੈਰ-ਭੌਤਿਕਵਾਦੀ ਤੱਥ ਆਪਣੇ ਆਪ ਸਮਾਜਿਕ ਪਰਿਵਰਤਨ ਕਰ ਸਕਦੇ ਹਨ। ਸਮਾਜਿਕ ਪਰਿਵਰਤਨ ਦੇ ਮੰਤਵ ਲਈ ਕ੍ਰਮ-ਬੱਧ ਯਤਨਾਂ ਦੀ ਲੋੜ ਹੈ। ਅਜਿਹੇ ਯਤਨਾਂ ਵਿਚ ਵਿੱਦਿਆ

ਦਾ ਵਿਸਥਾਰ ਕਰਨਾ ਅਤੇ ਲੋਕਾਂ ਨੂੰ ਨਵੀਆਂ ਅਵਸਥਾਵਾਂ ਸੰਬੰਧੀ ਜਾਗ੍ਰਿਤ ਕਰਨ ਲਈ ਯਤਨ ਸ਼ਾਮਿਲ ਹਨ।

ਜਿੱਥੋਂ ਤੱਕ ਸਮਾਜਿਕ ਪਰਿਵਰਤਨ ਦੇ ਸਿਧਾਂਤ ਦਾ ਸੰਬੰਧ ਹੈ ਅਸੀਂ ਇਸ ਸੰਬੰਧ ਵਿੱਚ ਇਹ ਕਹਿ ਸਕਦੇ ਹਾਂ ਕਿ ਆਧੁਨਿਕ ਵਿਗਿਆਨਕ ਯੁੱਗ ਵਿਚ ਨਾ ਤਾਂ ਪਤਨ ਦਾ ਸਿਧਾਂਤ ਅਤੇ ਨਾ ਹੀ ਚੱਕਰ ਦਾ ਸਿਧਾਂਤ ਪ੍ਰਵਾਨ ਕੀਤਾ ਜਾ ਸਕਦਾ ਹੈ। ਅਜੋਕੇ ਯੁੱਗ ਦੇ ਸੁਚੇਤ ਮਨੁੱਖ ਦੀ ਬੁੱਧੀ ਕਦੇ ਇਹ ਸਵੀਕਾਰ ਨਹੀਂ ਕਰ ਸਕਦੀ ਕਿ ਸਹਿਜੇ-ਸਹਿਜੇ ਸਮਾਜ ਪਤਨ ਵੱਲ ਜਾ ਰਿਹਾ ਹੈ। ਜਿੱਥੋਂ ਤੱਕ ਅਵਸਥਾ ਸਿਧਾਂਤ ਦਾ ਸੰਬੰਧ ਹੈ, ਇਹ ਸਿਧਾਂਤ ਸਮਾਜਿਕ ਪਰਿਵਰਤਨ ਦਾ ਨਹੀਂ, ਸਗੋਂ ਸਮਾਜ ਦੇ ਵਿਕਾਸ ਦਾ ਸਿਧਾਂਤ ਪ੍ਰਤੀਤ ਹੁੰਦਾ ਹੈ। ਸਮਾਜਿਕ ਪਰਿਵਰਤਨ ਸੰਬੰਧੀ ਸੱਚਾਈ ਇਹ ਹੈ ਕਿ ਅਨੇਕਾਂ ਤੱਥ ਇਸ ਦੇ ਲਈ ਜ਼ਿੰਮੇਵਾਰ ਹੁੰਦੇ ਹਨ। ਅਜਿਹੇ ਤੱਥਾਂ ਵਿਚ ਆਰਥਿਕ ਤੱਥਾਂ ਤੋਂ ਇਲਾਵਾ ਧਰਮ ਦਾ ਵੀ ਮਹੱਤਵਪੂਰਨ ਸਥਾਨ ਰਿਹਾ ਹੈ। ਆਧੁਨਿਕ ਯੁੱਗ ਵਿਚ ਤਕਨੀਕੀ ਵਿਕਾਸ, ਸਭਿਆਚਾਰਕ ਵਿਕਾਸ, ਨਵੀਆਂ ਵਿਚਾਰਧਾਰਾਵਾਂ ਦਾ ਹੋਂਦ ਵਿਚ ਆਉਣਾ, ਆਰਥਿਕ ਅਵਸਥਾਵਾਂ ਅਤੇ ਲੋਕਾਂ ਦੁਆਰਾ ਇਸ ਮੰਤਵ ਲਈ ਕੀਤੇ ਸੁਚੇਤ ਯਤਨਾਂ ਦਾ ਸਮਾਜਿਕ ਪਰਿਵਰਤਨ ਦੀ ਕ੍ਰਿਆ ਵਿਚ ਮਹੱਤਵਪੂਰਨ ਸਥਾਨ ਹੈ।

### 1.4.6 ਸਮਾਜਿਕ ਪਰਿਵਰਤਨ ਦੀਆਂ ਵਿਸ਼ੇਸ਼ਤਾਵਾਂ (Characteristics of Social Change)

ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ ਅਤੇ ਹਰੇਕ ਸਮਾਜ ਵਿਚ ਪਰਿਵਰਤਨ ਦੀ ਪ੍ਰਕ੍ਰਿਆ ਨਿਰੰਤਰ ਰੂਪ ਵਿਚ ਚਲਦੀ ਰਹਿੰਦੀ ਹੈ। ਹਰੇਕ ਸਮਾਜ ਵਿਚ ਸਮਾਜਿਕ ਸੰਬੰਧਾਂ ਦਾ ਜੋ ਰੂਪ ਵਰਤਮਾਨ ਸਮੇਂ ਹੈ, ਉਹ ਰੂਪ ਵੀਹਵੀ ਸਦੀ ਦੇ ਆਰੰਭ ਸਮੇਂ ਸਮਾਜਿਕ ਸੰਬੰਧਾਂ ਦੇ ਪਾਏ ਜਾਂਦੇ ਰੂਪ ਤੋਂ ਵੱਖਰਾ ਹੈ। ਵਰਤਮਾਨ ਰੂਪ ਵੀ ਸਥਿਰ ਨਹੀਂ ਰਹਿਣਾ ਕਿਉਂਕਿ ਸਮੇਂ ਦੀ ਚਾਲ ਨਾਲ ਸਮਾਜਿਕ ਪਰਿਵਰਤਨ ਦਾ ਹੋਣਾ ਬਿਲਕੁਲ ਸੁਭਾਵਿਕ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਇਕ ਵਿਧੀ ਹੈ ਜੋ ਹਰੇਕ ਸਮਾਜ ਵਿਚ ਭਿੰਨ-ਭਿੰਨ ਕਾਰਨ ਕਰਕੇ ਵਾਪਰਦੀ ਹੈ ਅਤੇ ਇਸ ਵਿਧੀ ਦੀਆਂ ਕੁਝ ਆਪਣੀਆਂ ਹੀ ਵਿਸ਼ੇਸ਼ਤਾਵਾਂ ਅਤੇ ਆਪਣਾ ਹੀ ਸਰੂਪ ਹੈ ਜੋ ਦੂਜੀਆਂ ਪਰਿਵਰਤਨ ਵਿਧੀਆਂ ਦੇ ਸਰੂਪ ਨਾਲੋਂ ਵੱਖਰਾ ਹੈ। ਸਮਾਜਿਕ ਪਰਿਵਰਤਨ ਦੇ ਸਰੂਪ ਜਾਂ ਵਿਸ਼ੇਸ਼ਤਾਵਾਂ ਅਤੇ ਆਪਣਾ ਹੀ ਸਰੂਪ ਹੈ ਜੋ ਦੂਜੀਆਂ ਪਰਿਵਰਤਨ ਵਿਧੀਆਂ ਦੇ ਸਰੂਪ ਨਾਲੋਂ ਵੱਖਰਾ ਹੈ। ਸਮਾਜਿਕ ਪਰਿਵਰਤਨ ਦੇ ਸਰੂਪ ਜਾਂ ਵਿਸ਼ੇਸ਼ਤਾਵਾਂ ਨੂੰ ਮੁੱਖ ਰੂਪ ਵਿਚ ਅਸੀਂ ਹੇਠ ਸਿਰਲੇਖਾਂ ਅਧੀਨ ਵਰਣਨ ਕਰ ਸਕਦੇ ਹਾਂ :-

**1.4.6.1. ਸਮਾਜਿਕ ਪਰਿਵਰਤਨ ਇਕ ਨਿਰੰਤਰ ਵਿਧੀ ਹੈ** :- ਸਮਾਜਿਕ ਪਰਿਵਰਤਨ ਇੱਕ ਨਿਰੰਤਰ ਵਿਧੀ ਹੈ ਜੋ ਹਰੇਕ ਸਮਾਜ ਵਿਚ ਅਨੇਕਾਂ ਕਾਰਨਾਂ ਕਰਕੇ ਵਾਪਰਦੀ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿਸੇ ਵਿਸ਼ੇਸ਼ ਸਮੇਂ ਤੇ ਹੀ ਸਮਾਜਿਕ ਪਰਿਵਰਤਨ ਦੀ ਕ੍ਰਿਆ ਹੁੰਦੀ ਹੈ ਅਤੇ ਉਸ ਮਗਰੋਂ ਇਹ ਕ੍ਰਿਆ ਆਪਣੇ ਆਪ ਜਾਂ ਕਿਸੇ ਕਾਰਨ ਰੁਕ ਜਾਂਦੀ ਹੈ। ਦਰਅਸਲ ਸਮਾਜਿਕ ਪਰਿਵਰਤਨ ਦੇ ਅਨੇਕਾਂ ਕਾਰਨ ਹੋ ਸਕਦੇ ਹਨ ਜਦੋਂ ਕੋਈ ਇਕ ਕਾਰਨ ਵਾਪਰਦਾ ਹੈ ਤਾਂ ਉਸ ਦਾ ਸਮਾਜਿਕ ਪਰਿਵਰਤਨ ਸੰਬੰਧੀ ਪ੍ਰਭਾਵ ਕੁਝ ਸਮੇਂ ਤੱਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਨਿਰੰਤਰ ਰੂਪ ਵਿਚ ਕਾਫ਼ੀ ਲੰਬੇ ਸਮੇਂ ਤੱਕ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਚਲਦੀ ਰਹਿੰਦੀ ਹੈ। ਉਦਾਹਰਨ ਵਜੋਂ, ਜਦੋਂ **1947 ਵਿਚ ਭਾਰਤ ਦੀ ਵੰਡ** ਹੋਣ ਕਾਰਨ ਲੱਖਾਂ ਹੀ ਲੋਕਾਂ ਨੂੰ ਆਪਣੇ ਘਰ-ਬਾਰ ਛੱਡ ਕੇ ਭਾਰਤ ਵਿਚ ਆਉਣਾ ਪਿਆ ਸੀ, ਉਹਨਾਂ ਲੋਕਾਂ ਨੂੰ ਇਕ ਨਵੇਂ ਸਮਾਜ ਵਿਚ ਪ੍ਰਵੇਸ਼ ਕਰਨਾ ਪਿਆ ਸੀ ਕਿਉਂਕਿ ਉਹਨਾਂ ਦਾ ਆਪਣਾ ਭਾਈਚਾਰਾ ਅਤੇ ਸੰਪਰਦਾਇ ਖੇਰੂੰ-ਖੇਰੂੰ ਹੋ ਗਿਆ ਸੀ। ਇਸ ਘਟਨਾ ਨੇ ਉਹਨਾਂ ਦੇ ਸਮੁੱਚੇ ਸੰਬੰਧਾਂ ਵਿਚ ਇਕ ਮਹਾਨ ਪਰਿਵਰਤਨ ਲਿਆਂਦਾ ਸੀ। ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਕਾਫੀ ਲੰਬੇ ਸਮੇਂ ਤੱਕ ਚਲਦੀ ਰਹੀ ਜਦੋਂ ਤੱਕ ਕਿ ਉਹਨਾਂ ਲੋਕਾਂ ਨੇ ਆਪਣੇ ਆਪ ਨੂੰ ਨਵੇਂ ਵਾਤਾਵਰਨ ਦੇ ਅਨੁਸਾਰ ਢਾਲ ਨਹੀਂ ਲਿਆ ਸੀ। ਇਸੇ ਤਰ੍ਹਾਂ ਵਰਤਮਾਨ ਸਮੇਂ ਦਿਨ ਪ੍ਰਤੀ ਦਿਨ ਤਕਨੀਕੀ ਅਤੇ ਵਿਗਿਆਨਕ ਵਿਕਾਸ ਹੋ ਰਿਹਾ ਹੈ ਜੋ ਸਮਾਜਿਕ ਪਰਿਵਰਤਨ ਦੀ ਵਿਧੀ ਨੂੰ ਇਕ ਨਵੀਂ ਦਿਸ਼ਾ ਅਤੇ ਗਤੀ ਪ੍ਰਦਾਨ ਕਰ ਰਿਹਾ ਹੈ। ਸਾਡੇ ਕਹਿਣਾ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਦੀ ਕ੍ਰਿਆ ਕਿਸੇ ਵਿਸ਼ੇਸ਼ ਸਮੇਂ ਤੇ ਹੀ ਨਹੀਂ ਵਾਪਰਦੀ ਇਹ ਕ੍ਰਿਆ ਕਿਸੇ ਨਾ ਕਿਸੇ ਕਾਰਨ ਨਿਰੰਤਰ ਰੂਪ ਵਿਚ ਚਲਦੀ ਰਹਿੰਦੀ ਹੈ।

**1.4.6.2. ਸਮਾਜਿਕ ਪਰਿਵਰਤਨ ਦੀ ਗਤੀ ਅਤੇ ਸੀਮਾ ਸਮਾਜ ਦੇ ਸਰੂਪ ਤੇ ਨਿਰਭਰ ਕਰਦੇ ਹਨ** : -ਸਾਰੇ ਸਮਾਜਾਂ ਵਿਚ ਸਮਾਜਿਕ ਪਰਿਵਰਤਨ ਦੀ ਗਤੀ ਅਤੇ ਸੀਮਾ ਇਕੋ ਜਿਹੀ ਨਹੀਂ ਹੋ ਸਕਦੀ। ਸਮਾਜਿਕ ਪਰਿਵਰਤਨ ਵਾਪਰਦਾ ਤਾਂ ਸਾਰੇ ਸਮਾਜ ਵਿਚ ਹੈ, ਪਰੰਤੂ ਕਿਸੇ ਸਮਾਜ ਵਿਚ ਇਸ ਦੀ ਗਤੀ ਬੜੀ ਧੀਮੀ ਅਤੇ ਕਿਸੇ ਦੂਸਰੇ ਸਮਾਜ ਵਿਚ ਇਸ ਦੀ ਗਤੀ ਕਾਫ਼ੀ ਤੇਜ਼ ਹੁੰਦੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸਮਾਜਿਕ ਪਰਿਵਰਤਨ ਦੀ ਗਤੀ ਅਤੇ ਸੀਮਾ ਸਮਾਜ ਦੇ ਸਰੂਪ ਤੇ ਨਿਰਭਰ ਕਰਦੀ ਹੈ। ਜੇਕਰ ਸਮਾਜ ਵਿਚ ਕਠੋਰ ਜਾਤੀ ਪ੍ਰਥਾ ਕਾਇਮ

ਹੈ, ਲੋਕ ਅਨਪੜ੍ਹ ਹਨ, ਵਿਅਰਥ ਵਹਿਮਾਂ ਅਤੇ ਰਸਮਾਂ ਰਿਵਾਜਾਂ ਦਾ ਸ਼ਿਕਾਰ ਹਨ, ਪਰੰਪਰਾਗਤ ਜਾਂ ਧਾਰਮਿਕ ਵਿਸ਼ਵਾਸ ਉਹਨਾਂ ਦੇ ਜੀਵਨ ਦੇ ਅਟੁੱਟ ਅੰਗ ਹਨ ਤਾਂ ਅਜਿਹੇ ਸਮਾਜ ਵਿਚ ਸਮਾਜਿਕ ਪਰਿਵਰਤਨ ਦੀ ਗਤੀ ਬੜੀ ਧੀਮੀ ਹੋਵੇਗੀ। ਇਸ ਦੇ ਉਲਟ ਜਿਥੇ ਲੋਕ ਪੜ੍ਹੇ ਲਿਖੇ ਅਤੇ ਅਗਾਂਹ ਵਧੂ ਵਿਚਾਰਾਂ ਵਾਲੇ ਹਨ ਉੱਥੇ ਸਮਾਜਿਕ ਪਰਿਵਰਤਨ ਦੀ ਗਤੀ ਅਵੱਸ਼ ਹੀ ਤੇਜ਼ ਹੋਵੇਗੀ। ਇਸੇ ਤਰ੍ਹਾਂ ਜਿਸ ਸਮਾਜ ਵਿਚ ਤਕਨੀਕੀ ਵਿਕਾਸ ਬਹੁਤ ਜ਼ਿਆਦਾ ਹੁੰਦਾ ਹੈ ਜਾਂ ਜਿਥੇ ਸਭਿਆਚਾਰਕ ਸਾਂਝ ਦੇ ਵਧੇਰੇ ਅਵਸਰ ਮਿਲਦੇ ਹਨ, ਉੱਥੇ ਸਮਾਜਿਕ ਪਰਿਵਰਤਨ ਦੀ ਸੀਮਾ ਕਾਫੀ ਵਿਸ਼ਾਲ ਅਤੇ ਗਤੀ ਕਾਫ਼ੀ ਤੇਜ਼ ਹੋਵੇਗੀ।

**1.4.6.3. ਸਮਾਜਿਕ ਪਰਿਵਰਤਨ ਅਚੇਤ ਘਟਨਾਵਾਂ ਦਾ ਵੀ ਸਿੱਟਾ ਹੋ ਸਕਦਾ ਹੈ ਅਤੇ ਸੁਚੇਤ ਯਤਨਾਂ ਦਾ ਵੀ** :- ਸਮਾਜਿਕ ਪਰਿਵਰਤਨ ਇਕ ਅਜਿਹੀ ਵਿਧੀ ਹੈ ਜੋ ਅਜਿਹੀਆਂ ਘਟਨਾਵਾਂ ਦਾ ਵੀ ਸਿੱਟਾ ਹੋ ਸਕਦੀ ਹੈ ਜਿਹਨਾਂ ਦੀ ਮਨੁੱਖ ਦੇ ਸੁਚੇਤ ਮਨ ਨੇ ਕਦੀ ਯੋਜਨਾ ਨਾ ਬਣਾਈ ਹੋਵੇ। ਜੇਕਰ ਇਕ ਭਿਆਨਕ ਤੂਫਾਨ ਜਾਂ ਭੂਚਾਲ ਜਾਂ ਹੜ੍ਹ ਜਾਂ ਕਿਸੇ ਹੋਰ ਕੁਦਰਤੀ ਕਰੋਪੀ ਕਾਰਨ ਬਹੁਤ ਹੀ ਜ਼ਿਆਦਾ ਤਬਾਹੀ ਹੋ ਸਕਦੀ ਹੈ ਅਤੇ ਇਸ ਤਬਾਹੀ ਦੇ ਕਾਰਨ ਲੋਕ ਘਰੋਂ ਬੇਘਰ ਹੋ ਸਕਦੇ ਹਨ ਅਤੇ ਹਜ਼ਾਰਾਂ ਲੱਖਾਂ ਮਾਸੂਮ ਜਾਨਾਂ ਮੌਤ ਦੀ ਗੋਦ ਵਿਚ ਸੋ ਸਕਦੀਆਂ ਹਨ। ਅਜਿਹੀ ਅਚਨਚੇਤ ਘਟਨਾ ਦਾ ਸਮਾਜਿਕ ਸੰਬੰਧਾਂ ਉੱਤੇ ਅਵੱਸ਼ ਪ੍ਰਭਾਵ ਪਵੇਗਾ। ਇਸ ਤੋਂ ਇਲਾਵਾ ਸਮਾਜ ਦੇ ਦੂਜੇ ਖੇਤਰਾਂ ਵਿਚ ਜੋ ਤਬਦੀਲੀਆਂ ਹੋ ਰਹੀਆਂ ਹਨ ਉਹਨਾਂ ਦਾ ਪ੍ਰਭਾਵ ਵੀ ਸਮਾਜਿਕ, ਪਰਿਵਰਤਨ ਦੀ ਕ੍ਰਿਆ ਉੱਤੇ ਪੈਂਦਾ ਹੈ। ਮੈਕਾਈਵਰ ਦਾ ਕਥਨ ਹੈ ਕਿ, ''ਇਹ ਸਪੱਸ਼ਟ ਹੈ ਕਿ ਸਮਾਜਿਕ ਪਰਿਵਰਤਨ ਇੱਕ ਅਜਿਹੀ ਵਿਧੀ ਹੈ ਜੋ ਕਈ ਪ੍ਰਕਾਰ ਦੀਆਂ ਤਬਦੀਲੀਆਂ ਤੋਂ ਪ੍ਰਭਾਵਿਤ ਹੁੰਦੀ ਹੈ। ਮਨੁੱਖਾਂ ਦੁਆਰਾ ਬਣਾਈਆਂ ਜੀਵਨ ਦੀਆਂ ਅਵਸਥਾਵਾਂ ਵਿਚ ਅਜਿਹੀਆਂ ਤਬਦੀਲੀਆਂ ਜੋ ਮਨੁੱਖੀ ਨਿਯੰਤਰਨ ਵਿਚ ਨਹੀਂ ਹੁੰਦੀਆਂ, ਸਮਾਜਿਕ ਪਰਿਵਰਤਨ ਦੀ ਵਿਧੀ ਨੂੰ ਪ੍ਰਭਾਵਿਤ ਕਰਦੀਆਂ ਹਨ। ਅਚੇਤ ਘਟਨਾਵਾਂ ਤੋਂ ਇਲਾਵਾ ਮਨੁੱਖ ਦੇ ਸੁਚੇਤ ਯਤਨਾਂ ਦੁਆਰਾ ਹੀ ਸਮਾਜਿਕ ਪਰਿਵਰਤਨ ਦੀ ਕ੍ਰਿਆ ਹੁੰਦੀ ਹੈ। ਉਦਾਹਰਨ ਵਜੋਂ, ਜਦੋਂ ਸਿੱਖਿਆ ਦਾ ਵਿਸਥਾਰ ਅਤੇ ਲੋਕਾਂ ਨੂੰ ਜਾਗ੍ਰਿਤ ਕਰਨ ਸਬੰਧੀ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ਤਾਂ ਸਮਾਜਿਕ ਪਰਿਵਰਤਨ ਦੀ ਕ੍ਰਿਆ ਸੁਚੇਤ ਯਤਨਾਂ ਦੁਆਰਾ ਹੋ ਰਹੀ ਹੁੰਦੀ ਹੈ।

**1.4.6.4 ਸਮਾਜਿਕ ਪਰਿਵਰਤਨ ਦਾ ਅੰਤਰੀਵ ਅਰਥ ਸਮਾਜਿਕ ਸੰਬੰਧਾਂ ਵਿਚ ਪਰਿਵਰਤਨ ਹੈ** :- ਇਹ ਠੀਕ ਹੈ ਕਿ ਸਮਾਜ ਵਿਅਕਤੀਆਂ ਦਾ ਸਮੂਹ ਹੈ। ਪਰ ਵਿਅਕਤੀ ਦੇ ਸਮੂਹਿਕ ਰੂਪ ਤੋਂ ਵੱਧ ਸਮਾਜ ਦਾ ਭਾਵ ਅਰਥ ਇਹ ਹੈ ਕਿ ਸਮਾਜ ਸਮਾਜਿਕ ਸੰਬੰਧਾਂ ਦਾ ਤਾਣਾ-ਪੇਟਾ ਹੈ। ਦੂਜੇ ਸ਼ਬਦਾਂ ਵਿਚ, ਸਮਾਜ ਵਿਚ ਅਨੇਕਾਂ ਸਮਾਜਿਕ ਵਿਧੀਆਂ ਅਤੇ ਸਮਾਜਿਕ ਨਮੂਨੇ ਹਨ ਜੋ ਲੋਕਾਂ ਦੇ ਸਮਾਜਿਕ ਸੰਬੰਧਾਂ ਨੂੰ ਅਤੇ ਸਮਾਜਿਕ ਵਿਹਾਰ ਨੂੰ ਨਿਯਮਤ ਕਰਦੇ ਹਨ। ਸਮਾਜ ਵਿਚ ਅਨੇਕਾਂ ਪ੍ਰਕਾਰ ਦੇ ਸਮੂਹ ਹੁੰਦੇ ਹਨ ਅਤੇ ਇਹਨਾਂ ਸਮੂਹਾਂ ਦੇ ਮੈਂਬਰਾਂ ਦੇ ਪਰਸਪਰ ਸੰਬੰਧਾਂ ਦੇ ਕੁਝ ਨਿਸ਼ਚਿਤ ਨਮੂਨੇ ਹਰੇਕ ਸਮਾਜ ਵਿਚ ਪਾਏ ਜਾਂਦੇ ਹਨ। ਜਦੋਂ ਇਹਨਾਂ ਵਿਸ਼ੇਸ਼ ਪ੍ਰਕਾਰ ਦੇ ਨਮੂਨਿਆਂ ਵਿਚ ਕਿਸੇ ਪ੍ਰਕਾਰ ਦਾ ਕਿਸੇ ਵੀ ਕਾਰਨ ਪਰਿਵਰਤਨ ਹੁੰਦਾ ਹੈ ਤਾਂ ਅਸੀਂ ਉਸ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੰਦੇ ਹਾਂ। ਉਦਾਹਰਨ ਵਜੋਂ, ਆਧੁਨਿਕ ਯੁੱਗ ਵਿਚ ਇਸਤਰੀਆਂ ਨੂੰ ਅਨੇਕਾਂ ਪ੍ਰਕਾਰ ਦੇ ਉਹ ਅਧਿਕਾਰ ਪ੍ਰਦਾਨ ਕੀਤੇ ਗਏ ਹਨ ਜੋ ਪਹਿਲਾਂ ਇਸਤਰੀਆਂ ਨੂੰ ਪ੍ਰਾਪਤ ਨਹੀਂ ਹੋਇਆ ਕਰਦੇ ਸਨ। ਵਰਤਮਾਨ ਯੁੱਗ ਦੀ ਇਸਤਰੀ ਨੇ ਸਫਲਤਾ ਸਹਿਤ ਰਾਜਨੀਤਿਕ ਅਤੇ ਆਰਥਿਕ ਖੇਤਰ ਵਿਚ ਪ੍ਰਵੇਸ਼ ਕੀਤਾ ਹੈ ਜਿਸ ਦੇ ਫਲਸਰੂਪ ਇਸਤਰੀ ਪੁਰਖ ਦੀ ਦਾਸੀ ਨਹੀਂ ਰਹੀ, ਸਗੋਂ ਉਸ ਦਾ ਸਮਾਨ ਸਾਥੀ ਬਣ ਗਈ ਹੈ। ਇਸਤਰੀਆਂ ਦੀ ਸਥਿਤੀ ਵਿਚ ਆਏ ਇਸ ਪਰਿਵਰਤਨ ਦੇ ਕਾਰਨ ਪਰਿਵਾਰ ਦੀ ਸੰਸਥਾ ਉੱਪਰ ਕਾਫ਼ੀ ਜ਼ਿਆਦਾ ਪ੍ਰਭਾਵ ਪਿਆ ਹੈ। ਸੰਯੁਕਤ ਪਰਿਵਾਰ ਦੀ ਪ੍ਰਥਾ ਸਮਾਪਤ ਹੁੰਦੀ ਜਾ ਰਹੀ ਹੈ ਤੇ ਇਸ ਦੀ ਥਾਂ ਇਕਹਿਰਾ ਪਰਿਵਾਰ ਵਧੇਰੇ ਲੋਕਪ੍ਰਿਯ ਹੋ ਰਿਹਾ ਹੈ। ਪਰਿਵਾਰ ਦਾ ਰੂਪ ਬਦਲ ਜਾਣ ਨਾਲ ਪਤੀ ਅਤੇ ਪਤਨੀ, ਮਾਤਾ ਪਿਤਾ ਅਤੇ ਬੱਚਿਆਂ ਦੇ ਪਰਸਪਰ ਸੰਬੰਧਾਂ ਉੱਤੇ ਕਾਫ਼ੀ ਜ਼ਿਆਦਾ ਪ੍ਰਭਾਵ ਪਿਆ ਹੈ। ਇਸਤਰੀ ਦੀ ਸੁਤੰਤਰਤਾ ਨੇ ਪਰਿਵਾਰ ਨਿਯੋਜਨ ਦੀਆਂ ਯੋਜਨਾਵਾਂ ਨੂੰ ਵੀ ਉਤਸ਼ਾਹਿਤ ਕੀਤਾ ਹੈ। ਛੋਟੇ ਪਰਿਵਾਰ ਵੱਡੇ-ਵੱਡੇ ਪਰਿਵਾਰਾਂ ਦੀ ਥਾਂ ਲੈ ਰਹੇ ਹਨ ਅਤੇ ਇਸ ਦਾ ਚੰਗਾ ਪ੍ਰਭਾਵ ਇਸਤਰੀਆਂ ਦੀ ਸਥਿਤੀ ਤੋਂ ਇਲਾਵਾ ਬੱਚਿਆਂ ਦੇ ਪਾਲਣ-ਪੋਸ਼ਣ ਉੱਤੇ ਵੀ ਪਿਆ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਜਦੋਂ ਕਿਸੇ ਵੀ ਕਾਰਨ ਪ੍ਰਚੱਲਿਤ ਸਮਾਜਿਕ ਸੰਬੰਧਾਂ ਵਿਚ ਕੋਈ ਪਰਿਵਰਤਨ ਆਉਂਦਾ ਹੈ ਤਾਂ ਉਸ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਸਮਾਜਿਕ ਪਰਿਵਰਤਨ ਦਾ ਅੰਤਰੀਵ ਅਰਥ ਸਮਾਜਿਕ ਸੰਬੰਧਾਂ ਵਿਚ ਪਰਿਵਰਤਨ ਹੈ।

**1.4.6.5. ਸਮਾਜਿਕ ਪਰਿਵਰਤਨ ਪਤਨਸ਼ੀਲ ਵੀ ਹੋ ਸਕਦਾ ਹੈ** :- ਸਮਾਜਿਕ ਪਰਿਵਰਤਨ ਦਾ ਦਾ ਭਾਵ ਭੌਤਿਕ

ਵਿਕਾਸ ਨਹੀਂ ਹੈ। ਦੂਜੇ ਸ਼ਬਦਾਂ ਵਿਚ ਜੇਕਰ ਕੋਈ ਸਮਾਜ ਆਰਥਿਕ ਪੱਖ ਤੋਂ ਬਹੁਤ ਜ਼ਿਆਦਾ ਉੱਨਤੀ ਕਰ ਰਿਹਾ ਹੈ ਤਾਂ ਇਸ ਦਾ ਭਾਵ ਇਹ ਨਹੀਂ ਹੁੰਦਾ ਕਿ ਉਸ ਸਮਾਜ ਵਿਚ ਸਮਾਜਿਕ ਪਰਿਵਰਤਨ ਹੋ ਰਿਹਾ ਹੈ। ਦਰਅਸਲ ਆਰਥਿਕ ਵਿਕਾਸ ਦਾ ਉਦਯੋਗਿਕ ਉੱਨਤੀ ਨਾਲ ਸਮਾਜਿਕ ਪਰਿਵਰਤਨ ਦਾ ਕੋਈ ਪ੍ਰਤੱਖ ਸੰਬੰਧ ਨਹੀਂ ਹੈ। ਇਹ ਤਾਂ ਹੋ ਸਕਦਾ ਹੈ ਕਿ ਆਰਥਿਕ ਵਿਕਾਸ ਦੇ ਕਾਰਨ ਕਿਸੇ ਪ੍ਰਕਾਰ ਦੇ ਸਮਾਜਿਕ ਸੰਬੰਧਾਂ ਵਿਚ ਕੋਈ ਪਰਿਵਰਤਨ ਆ ਜਾਵੇ, ਪਰੰਤੂ ਆਰਥਿਕ ਵਿਕਾਸ ਨੂੰ ਆਪਣੇ ਆਪ ਵਿਚ ਕਦੇ ਵੀ ਸਮਾਜਿਕ ਪਰਿਵਰਤਨ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਸਮਾਜਿਕ ਪਰਿਵਰਤਨ ਪਤਨਸ਼ੀਲ ਵੀ ਹੋ ਸਕਦਾ ਹੈ। ਉਦਾਹਰਨ ਵਜੋਂ, ਜੇਕਰ ਕਿਸੇ ਦੇਸ਼ ਵਿਚ ਆਰਥਿਕ ਵਿਕਾਸ ਦੇ ਕਾਰਨ ਬਹੁਤ ਜ਼ਿਆਦਾ ਲੋਕਾਂ ਕੋਲ ਬਹੁਤ ਧਨ ਹੋ ਜਾਵੇ ਤੇ ਉਹ ਲੋਕ ਵਿਆਹ ਦੀ ਜ਼ਿੰਮੇਵਾਰੀਆਂ ਨੂੰ ਗ੍ਰਹਿਣ ਕਰਨ ਤੋਂ ਸੰਕੋਚ ਕਰਨ ਅਤੇ ਆਪਣੀ ਕਾਮ-ਵਾਸਨਾ ਦੀ ਸੰਤੁਸ਼ਟਤਾ ਲਈ ਕੋਈ ਹੋਰ ਸਾਧਨ ਅਪਣਾ ਲੈਣ ਤਾਂ ਸਪੱਸ਼ਟ ਹੈ ਕਿ ਅਜਿਹੇ ਸਮਾਜ ਵਿਚ ਪਰਿਵਾਰ ਰੂਪੀ ਸਮਾਜਿਕ ਸੰਸਥਾ ਦਾ ਪਤਨ ਹੋ ਸਕਦਾ ਹੈ ਅਤੇ ਵਿਆਹ ਦੀ ਪਵਿੱਤਰ ਸੰਸਥਾ ਦਾ ਨਾਸ਼ ਹੋ ਸਕਦਾ ਹੈ। ਅਜਿਹਾ ਹੋਣ ਨਾਲ ਸਮਾਜਿਕ ਪਰਿਵਰਤਨ ਜ਼ਰੂਰ ਹੋਵੇਗਾ, ਪਰੰਤੂ ਇਹ ਪਰਿਵਰਤਨ ਅਗਾਹ-ਵਧੂ ਨਹੀਂ ਸਗੋਂ ਪਤਨਸ਼ੀਲ ਹੋਵੇਗਾ। ਇਕ ਹੋਰ ਉਦਾਹਰਣ ਸਾਡੇ ਇਸ ਵਿਚਾਰ ਨੂੰ ਸਪੱਸ਼ਟ ਕਰ ਦੇਵੇਗੀ। ਜੇਕਰ ਯੁੱਧ ਛਿੜ ਜਾਵੇ ਤਾਂ ਕਿਸੇ ਦੇਸ਼ ਦੇ ਬਹੁਤ ਹੀ ਜ਼ਿਆਦਾ ਪੁਰਖ ਯੁੱਧ ਵਿਚ ਮਾਰੇ ਜਾ ਸਕਦੇ ਹਨ। ਅਜਿਹੀ ਸਥਿਤੀ ਵਿਚ ਉਸ ਦੇਸ਼ ਵਿਚ ਇਸਤਰੀਆਂ ਦੀ ਗਿਣਤੀ ਦੇ ਮੁਕਾਬਲੇ ਪੁਰਖਾਂ ਦੀ ਗਿਣਤੀ ਬਹੁਤ ਜ਼ਿਆਦਾ ਘੱਟ ਸਕਦੀ ਹੈ। ਅਜਿਹੀ ਸਥਿਤੀ ਬਹੁ-ਪਤਨੀ ਪਰਿਵਾਰ ਨੂੰ ਜਨਮ ਦੇ ਸਕਦੀ ਹੈ। ਇਕ ਪਤੀ-ਇਕ ਪਤਨੀ ਪਰਿਵਾਰ ਦੀ ਥਾਂ ਤੇ ਬਹੁ-ਪਤਨੀ ਪਰਿਵਾਰ ਸਥਾਪਿਤ ਹੋਣ ਨਾਲ ਸਮਾਜਿਕ ਸੰਬੰਧਾਂ ਵਿਚ ਅਵੱਸ਼ ਪਰਿਵਰਤਨ ਆਵੇਗਾ। ਅਜਿਹੇ ਸਮਾਜਿਕ ਪਰਿਵਰਤਨ ਨੂੰ ਅਗਾਹ-ਵਧੂ ਨਹੀਂ ਸਗੋਂ ਪਤਨਸ਼ੀਲ ਪਰਿਵਰਤਨ ਵੀ ਕਿਹਾ ਜਾਵੇਗਾ।

**1.4.6.6. ਸਮਾਜਿਕ ਪਰਿਵਰਤਨ ਦਾ ਅਰਥ ਨਾ ਤਾਂ ਉੱਨਤੀ ਅਤੇ ਨਾ ਹੀ ਵਿਕਾਸ ਹੈ :** ਸਮਾਜਿਕ ਪਰਿਵਰਤਨ ਦਾ ਭਾਵ ਨਾ ਤਾਂ ਕਿਸੇ ਪ੍ਰਕਾਰ ਦੀ ਉੱਨਤੀ ਅਤੇ ਨਾ ਹੀ ਵਿਕਾਸ ਹੈ। ਉੱਨਤੀ (progress) ਇੱਕ ਤੁਲਨਾਤਮਕ (Relative) ਸ਼ਬਦ ਹੈ। ਦੂਜੇ ਸ਼ਬਦਾਂ ਵਿਚ ਉੱਨਤੀ ਦਾ ਅਰਥ ਜਾਂ ਵਿਸ਼ੇਸ਼ਤਾਵਾਂ ਸਪੱਸ਼ਟ ਰੂਪ ਵਿਚ ਨਿਸ਼ਚਿਤ ਨਹੀਂ ਹੋ ਸਕਦੀਆਂ ਜੇ ਕਿਸੇ ਇਕ ਵਿਅਕਤੀ ਦੀ ਦ੍ਰਿਸ਼ਟੀ ਵਿਚ ਵੱਡੇ-ਵੱਡੇ ਕਾਰਖਾਨੇ ਲਗਾਏ ਜਾਣ ਦਾ ਅਰਥ ਉੱਨਤੀ ਹੋ ਸਕਦਾ ਹੈ, ਤਾਂ ਕਈ ਅਜਿਹੇ ਵਿਅਕਤੀ ਵੀ ਹੁੰਦੇ ਹਨ ਜੋ ਇਸ ਉੱਨਤੀ ਨੂੰ ਪ੍ਰਾਚੀਨ ਸਭਿਅਤਾ ਦਾ ਪਤਨ ਦੱਸਦੇ ਹਨ। ਸਾਡੇ ਕਹਿਣਾ ਦਾ ਭਾਵ ਇਹ ਹੈ ਕਿ ਉੱਨਤੀ ਦੀ ਧਾਰਨਾ ਅਨੁਪਾਤਕ ਸਰੂਪ ਦੀ ਹੈ ਅਤੇ ਇਸ ਸੰਬੰਧੀ ਕਿਸੇ ਅਰਥ ਨੂੰ ਸਥਾਈ ਰੂਪ ਵਿਚ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ ਆਮ ਕਰਕੇ ਆਰਥਿਕ ਜਾਂ ਭੌਤਿਕ ਵਿਕਾਸ ਨੂੰ ਹੀ ਉੱਨਤੀ ਦਾ 'ਨਾਮ ਦਿੱਤਾ ਜਾਂਦਾ ਹੈ।' ਜਦੋਂ ਵਿਅਕਤੀ ਦੇ ਜੀਵਨ ਪੱਧਰ ਵਿਚ ਸੁਧਾਰ ਹੁੰਦਾ ਹੈ ਉਸ ਨੂੰ ਭੌਤਿਕ ਸੁੱਖ ਪ੍ਰਾਪਤ ਹੁੰਦੇ ਹਨ ਤਾਂ ਇਹ ਅਨੁਭਵ ਕੀਤਾ ਜਦਾ ਹੈ ਕਿ ਉਸ ਵਿਅਕਤੀ ਨੇ ਉੱਨਤੀ ਕੀਤੀ ਹੈ। ਇਸੇ ਤਰ੍ਹਾਂ ਜਦੋਂ ਸਮਾਜ ਦੇ ਬਹੁਤ ਜ਼ਿਆਦਾ ਲੋਕ ਆਰਥਿਕ ਉੱਨਤੀ ਕਰਦੇ ਹਨ ਤਾਂ ਅਸੀਂ ਇਹ ਅਨੁਭਵ ਕਰਦੇ ਹਾਂ ਕਿ ਉਸ ਸਮਾਜ ਨੇ ਕਾਫ਼ੀ ਉੱਨਤੀ ਕੀਤੀ ਹੈ। ਪਰ ਸਮਾਜਿਕ ਪਰਿਵਰਤਨ ਦਾ ਨਾਮ ਆਰਥਿਕ ਜਾਂ ਭੌਤਿਕ ਉੱਨਤੀ ਨਹੀਂ ਹੈ। ਸਮਾਜਿਕ ਪਰਿਵਰਤਨ ਤਾਂ ਹੀ ਵਾਪਰਦਾ ਹੈ ਜੇਕਰ ਭੌਤਿਕ ਉੱਨਤੀ ਦੇ ਕਾਰਨ ਜਾਂ ਕਿਸੇ ਹੋਰ ਕਾਰਨ ਸਮਾਜਿਕ ਸੰਬੰਧਾਂ ਵਿਚ ਪਰਿਵਰਤਨ ਹੋਇਆ ਹੈ। ਇਸ ਤੋਂ ਇਲਾਵਾ ਉੱਨਤੀ ਦਾ ਸਰੂਪ ਸਦਾ ਉਸਾਰੂ ਹੁੰਦਾ ਹੈ ਪਰੰਤੂ ਸਮਾਜਿਕ ਪਰਿਵਰਤਨ ਦਾ ਸਰੂਪ ਪਤਨਸ਼ੀਲ ਵੀ ਹੋ ਸਕਦਾ ਹੈ। ਇਸੇ ਤਰ੍ਹਾਂ ਤੁਸੀਂ ਸਮਾਜਿਕ ਪਰਿਵਰਤਨ ਦਾ ਅਰਥ ਵਿਕਾਸ ਨਹੀਂ ਲੈ ਸਕਦੇ। ਸਮਾਜ ਦਾ ਵਿਕਾਸ ਹੋਇਆ ਹੈ। ਪੱਥਰ ਯੁੱਗ ਤੋਂ ਲੈ ਕੇ ਵਰਤਮਾਨ ਯੁੱਗ ਤੱਕ ਸਮਾਜ ਅਨੇਕਾਂ ਅਵਸਥਾਵਾਂ ਵਿਚੋਂ ਗੁਜ਼ਰਿਆ ਹੈ। ਇਸੇ ਤਰ੍ਹਾਂ ਵਿਗਿਆਨ, ਸ਼ਿਲਪ ਕਲਾ ਆਦਿ ਦਾ ਵਿਕਾਸ ਹੋਇਆ ਹੈ। ਪਰ ਸਮਾਜਿਕ ਪਰਿਵਰਤਨ ਦੀਆਂ ਕੋਈ ਨਿਸ਼ਚਿਤ ਅਵਸਥਾਵਾਂ (Stages) ਨਹੀਂ ਹਨ, ਜਿਹਨਾਂ ਵਿਚੋਂ ਸਮਾਜ ਗੁਜ਼ਰਿਆ ਹੋਵੇ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਦਾ ਅੰਤਰੀਵ ਅਰਥ ਨਾ ਤਾਂ ਭੌਤਿਕ ਉੱਨਤੀ ਅਤੇ ਨਾ ਹੀ ਵਿਕਾਸਵਾਦੀ ਕ੍ਰਿਆ ਹੈ।

**1.4.6.7. ਸਮਾਜਿਕ ਪਰਿਵਰਤਨ ਦਾ ਅੰਤਰੀਵ ਭਾਵ ਜੀਵਨ ਦੀਆਂ ਪ੍ਰਵਾਣਿਤ ਵਿਧੀਆਂ ਤੋਂ ਤਬਦੀਲੀ ਹੈ :** ਜੀਵਨ ਦੀਆਂ ਪ੍ਰਵਾਣਿਤ ਵਿਧੀਆਂ ਦਾ ਨਾਮ ਹੀ ਸਥਾਪਿਤ ਸਮਾਜਿਕ ਸੰਬੰਧ ਹਨ, ਸਦੀਆਂ ਤੋਂ ਇਹ ਪ੍ਰਥਾ ਚਲਦੀ ਆ ਰਹੀ ਹੈ ਕਿ ਵਿਆਹ ਮਗਰੋਂ ਲੜਕੀ ਆਪਣੇ ਪਤੀ ਦੇ ਘਰ ਰਹਿੰਦੀ ਹੈ। ਪਰ ਜੇਕਰ ਕੁਝ ਕਾਰਣਾਂ ਕਰਕੇ ਇਹ ਨਵੀਂ ਵਿਧੀ ਸਥਾਪਿਤ ਹੋ ਜਾਵੇ ਕਿ ਲੜਕੀ ਲੜਕੇ ਨੂੰ ਵਿਆਹੁਣ ਜਾਵੇਗੀ ਅਤੇ ਵਿਆਹ ਮਗਰੋਂ ਲੜਕਾ ਲੜਕੀ

ਦੇ ਘਰ ਰਹੇਗਾ ਤਾਂ ਸਪੱਸ਼ਟ ਹੈ ਕਿ ਜੀਵਨ ਦੀ ਸਥਾਪਿਤ ਵਿਧੀ ਵਿਚ ਇਕ ਮਹਾਨ ਤਬਦੀਲੀ ਆਈ ਹੈ। ਇਹ ਤਬਦੀਲੀ ਸਮੁੱਚੇ ਸਮਾਜਿਕ ਜੀਵਨ ਦੀਆਂ ਹੋਰ ਵੀ ਅਨੇਕਾਂ ਸਥਾਪਿਤ ਵਿਧੀਆਂ ਹਨ। ਜਦੋਂ ਕਦੇ ਵੀ ਕਿਸੇ ਸਥਾਪਿਤ ਵਧੀ ਵਿਚ ਕੋਈ ਮਹੱਤਵਪੂਰਨ ਤਬਦੀਲੀ ਆਵੇਗੀ ਤਾਂ ਉਹ ਤਬਦੀਲੀ ਸਮਾਜਿਕ ਪਰਿਵਰਤਨ ਦਾ ਪ੍ਰਤੀਕ ਹੋਵੇਗੀ। ਗਿਲਿਨ ਅਤੇ ਗਿਲਿਨ ਦਾ ਵਿਚਾਰ ਹੈ, ਸਮਾਜਿਕ ਤਬਦੀਲੀਆਂ ਦਾ ਭਾਵ ਜੀਵਨ ਦੀਆਂ ਪ੍ਰਵਾਨਿਤ ਵਿਧੀਆਂ ਤੋਂ ਅੰਤਰ ਹੈ। ਇਹ ਅੰਤਰ ਭੂਲਿਕ ਅਵਸਥਾਵਾਂ ਵਿਚ, ਸਭਿਆਚਾਰਕ ਸਮੱਗਰ ਵਿਚ, ਵਸੋਂ ਦੀ ਬਣਤਰ ਵਿਚ, ਜਾਂ ਵਿਚਾਰਧਾਰਾਵਾਂ ਵਿਚ ਤਬਦੀਲੀ ਆਉਣ ਕਾਰਨ, ਜਾਂ ਸਮੂਹ ਵਿਚ ਵਿਸਥਾਰ ਜਾਂ ਕਿਸੇ ਕਾਢ ਕਾਰਨ ਹੋ ਸਕਦਾ ਹੈ।''

ਇਸ ਸੰਬੰਧੀ ਹੀ ਮੈਰਿਲ ਅਤੇ ਐਡਰਲ ਨੇ ਕਿਹਾ, ''ਸਮਾਜਿਕ ਪਰਿਵਰਤਨ ਦਾ ਅਰਥ ਇਹ ਹੈ ਕਿ ਕਾਫ਼ੀ ਜ਼ਿਆਦਾ ਵਿਅਕਤੀ ਅਜਿਹੇ ਕੰਮਾਂ ਵਿਚ ਲੱਗ ਰਹੇ ਹਨ ਜੋ ਉਹਨਾਂ ਕੰਮਾਂ ਤੋਂ ਵੱਖਰੇ ਹਨ ਜਿਹੜੇ ਕੰਮ ਉਹ ਵਿਅਕਤੀ ਜਾਂ ਉਹਨਾਂ ਦੇ ਤਤਕਾਲੀ ਵੱਡੇ-ਵਡੇਰੇ ਕੁਝ ਸਮਾਂ ਪਹਿਲਾਂ ਕਰਿਆ ਕਰਦੇ ਹਨ। ਸਮਾਜ ਮਾਨਵ ਸੰਬੰਧਾਂ ਦੇ ਨਿਸ਼ਚਿਤ ਨਮੂਨਿਆਂ ਦਾ ਵਿਸ਼ਾਲ ਅਤੇ ਜਟਿਲ ਤਾਣਾ-ਪੇਟਾ ਹੈ ਜਿਸ ਵਿਚ ਸਾਰੇ ਵਿਅਕਤੀ ਭਾਗ ਲੈਂਦੇ ਹਨ। ਜਦੋਂ ਮਨੁੱਖੀ ਵਿਆਹ ਪਰਿਵਰਤਨ ਵਿਧੀ ਵਿਚ ਵੀ ਹੁੰਦਾ ਹੈ ਤਾਂ ਇਸ ਦਾ ਭਾਵ ਹੁੰਦਾ ਹੈ ਕਿ 'ਸਮਾਜਿਕ ਪਰਿਵਰਤਨ ਵਾਪਰ ਰਿਹਾ ਹੈ।'

ਸਾਡੇ ਕਹਿਣਾ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਦਾ ਅੰਤਰੀਵ ਅਰਥ ਜੀਵਨ ਦੀਆਂ ਪ੍ਰਵਾਨਿਤ ਵਿਧੀਆਂ ਵਿਚ ਤਬਦੀਲੀ ਹੈ।

**1.4.6.8. ਸਮਾਜਿਕ ਪਰਿਵਰਤਨ ਦਾ ਅਰਥ ਕੋਈ ਨਿਵੇਕਲੀ ਘਟਨਾ ਨਹੀਂ ਹੈ :** ਸਮਾਜਿਕ ਪਰਿਵਰਤਨ ਆਪਣੇ ਆਪ ਵਿਚ ਨਿਵੇਕਲੀ ਘਟਨਾ ਨਹੀਂ ਹੈ। ਦਰਅਸਲ ਸਮਾਜਿਕ ਪਰਿਵਰਤਨ ਦਾ ਕੋਈ ਕਾਰਨ ਅਤੇ ਪਿਛੋਕੜ ਹੁੰਦਾ ਹੈ। ਬਿਨਾਂ ਕਿਸੇ ਵਿਸ਼ੇਸ਼ ਕਾਰਨ ਜਾਂ ਤੱਥ ਦੇ ਸਮਾਜਿਕ ਪਰਿਵਰਤਨ ਸੰਭਵ ਨਹੀਂ ਹੋ ਸਕਦਾ। ਪ੍ਰਸਿੱਧ ਸਮਾਜ ਸ਼ਾਸਤਰੀ ਮੈਕਾਈਵਰ ਦਾ ਕਥਨ ਹੈ ਕਿ, ਇਸ ਗੱਲ ਨੂੰ ਸਮਝਣ ਲਈ ਕਿ ਸਮਾਜਿਕ ਪਰਿਵਰਤਨ ਕਿਸ ਤਰ੍ਹਾਂ ਵਾਪਰਦਾ ਹੈ ਅਤੇ ਇਹ ਕੁਝ ਵਿਸ਼ੇਸ਼ ਪ੍ਰਵਿਰਤੀਆਂ ਨੂੰ ਕਿਉਂ ਗ੍ਰਹਿਣ ਕਰਦਾ ਹੈ, ਇਹ ਜ਼ਰੂਰੀ ਹੈ ਕਿ ਤਿੰਨ ਮੁੱਖ ਵਿਵਸਥਾਵਾਂ ਨਾਲ ਇਸ ਦੇ ਸੰਬੰਧਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ। ਇਹ ਤਿੰਨ ਵਿਵਸਥਾ ਹਨ :- ਜੀਵ ਭੌਤਿਕ, ਸਭਿਆਚਾਰਕ ਅਤੇ ਤਕਨੀਕੀ।

ਮੈਕਾਈਵਰ ਦੇ ਇਸ ਕਥਨ ਦਾ ਭਾਵ ਇਹ ਹੈ ਕਿ ਜੀਵ ਭੌਤਿਕੀ, ਸਭਿਆਚਾਰਕ ਅਤੇ ਤਕਨੀਕੀ ਵਿਵਸਥਾਵਾਂ ਸਮਾਜਿਕ ਪਰਿਵਰਤਨ ਦਾ ਕਾਰਣ ਬਣਦੀਆਂ ਹਨ। ਇਸ ਤੋਂ ਇਲਾਵਾ ਉਹਨਾਂ ਦਾ ਇਹ ਵਿਚਾਰ ਵੀ ਹੈ ਕਿ, ਸਮਾਜਿਕ ਪਰਿਵਰਤਨ ਇਕ ਅਜਿਹੀ ਵਿਧੀ ਹੈ ਜੋ ਕਈ ਪ੍ਰਕਾਰ ਦੀਆਂ ਤਬਦੀਲੀਆਂ ਤੋਂ ਪ੍ਰਭਾਵਿਤ ਹੁੰਦੀ ਹੈ। ਮਨੁੱਖਾਂ ਦੁਆਰਾ ਬਣਾਈਆਂ ਅਵਸਥਾਵਾਂ ਵਿਚ ਤਬਦੀਲੀਆਂ, ਵਿਅਕਤੀਆਂ ਦੇ ਵਿਸ਼ਵਾਸਾਂ ਅਤੇ ਦ੍ਰਿਸ਼ਟੀਕੋਣਾਂ ਵਿਚ ਤਬਦੀਲੀਆਂ, ਵਸਤੂਆਂ ਦੇ ਜੀਵ ਵਿਗਿਆਨਿਕ ਅਤੇ ਭੌਤਿਕ ਸਰੂਪ ਵਿਚ ਅਜਿਹੀਆਂ ਤਬਦੀਲੀਆਂ ਜੋ ਮਨੁੱਖੀ ਨਿਯੰਤਰਨ ਵਿਚ ਨਹੀਂ ਹੁੰਦੀਆਂ ਸਮਾਜਿਕ ਪਰਿਵਰਤਨ ਦੀ ਵਿਧੀ ਨੂੰ ਪ੍ਰਭਾਵਿਤ ਕਰਦੀਆਂ ਹਨ।

ਸਾਡੇ ਕਹਿਣ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਆਪਣੇ ਆਪ ਵਿਚ ਕੋਈ ਨਿਵੇਕਲੀ ਘਟਨਾ ਨਹੀਂ ਹੈ, ਸਗੋਂ ਇਹ ਦੂਜੀਆਂ ਮਹੱਤਵਪੂਰਨ ਵਿਵਸਥਾਵਾਂ ਅਤੇ ਤੱਥਾਂ ਨਾਲ ਸੰਬੰਧਤ ਹੁੰਦੀ ਹੈ।

ਉਪਰੋਕਤ ਵਰਣਤ ਵਿਆਖਿਆ ਦੇ ਆਧਾਰ ਤੇ ਸੰਖੇਪ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਜਿਕ ਪਰਿਵਰਤਨ ਦਾ ਅੰਤਰੀਵ ਅਰਥ ਸਮਾਜਿਕ, ਸੰਬੰਧਾਂ, ਸਮਾਜਿਕ ਢਾਂਚਿਆਂ, ਸਮਾਜਿਕ ਸੰਗਠਨਾਂ, ਸਥਾਪਿਤ ਸਮਾਜਿਕ ਕਦਰਾਂ-ਕੀਮਤਾਂ ਜਾਂ ਵਿਸ਼ਵਾਸਾਂ ਵਿਚ ਪਰਿਵਰਤਨ ਅਤੇ ਜੀਵਨ ਦੀਆਂ ਪ੍ਰਵਾਨਿਤ ਵਿਧੀਆਂ ਵਿਚ ਤਬਦੀਲੀ ਹੈ।

**1.4.6.9 ਆਰਥਿਕ ਪਰਿਵਰਤਨ ਆਪਣੇ ਆਪ ਵਿੱਚ ਸਮਾਜਿਕ ਪਰਿਵਰਤਨ ਨਹੀਂ ਹੁੰਦਾ ਹੈ :** ਹਰੇਕ ਸਮਾਜ ਵਿਚ ਸਮੇਂ-ਸਮੇਂ ਤੇ ਆਰਥਿਕ ਤਬਦੀਲੀਆਂ ਹੁੰਦੀਆਂ ਹਨ। ਹਰੇਕ ਸਮਾਜ ਦੇ ਲੋਕਾਂ ਦੀ ਖੁਸ਼ਹਾਲੀ ਸਰਕਾਰ ਦੀਆਂ ਆਰਥਿਕ ਨੀਤੀਆਂ ਤੇ ਨਿਰਭਰ ਕਰਦੀ ਹੈ। ਲੋਕਾਂ ਦੀ ਖੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਸਰਕਾਰ ਤਰ੍ਹਾਂ-ਤਰ੍ਹਾਂ ਦੀਆਂ ਆਰਥਿਕ ਨੀਤੀਆਂ ਲਾਗੂ ਕਰਦੀ ਹੈ। ਸਾਡੇ ਆਪਣੇ ਦੇਸ਼ ਵਿੱਚ ਪਹਿਲਾਂ ਮਿਸ਼ਰਤ ਅਰਥ-ਵਿਵਸਥਾ ਦਾ ਬੋਲਬਾਲਾ ਸੀ। ਅਜਿਹੀ ਅਰਥ-ਵਿਵਸਥਾ ਵਿੱਚ ਜਨਤਕ ਖੇਤਰ ਦੇ ਨਾਲ-ਨਾਲ ਨਿੱਜੀ ਖੇਤਰ ਦੀ ਵੀ ਹੋਂਦ ਸੀ। ਪਰ ਪਿਛਲੇ ਕੁੱਝ ਸਾਲਾਂ ਤੋਂ ਸਾਡੀਆਂ ਸਰਕਾਰਾਂ ਨੇ ਆਰਥਿਕ ਉਦਾਰਵਾਦ, ਨਿੱਜੀਕਰਣ ਅਤੇ ਵਿਸ਼ਵੀਕਰਣ ਦੀਆਂ ਨੀਤੀਆਂ ਨੂੰ ਅਮਲ ਵਿੱਚ ਲਿਆਉਣ ਲਈ ਜ਼ੋਰਦਾਰ ਯਤਨ ਕੀਤੇ ਹਨ। ਅਜਿਹੀਆਂ ਨੀਤੀਆਂ ਦੇ ਫਲਸਰੂਪ ਭਾਰਤ ਦੀ ਅਰਥ-ਵਿਵਸਥਾ

ਅਤੇ ਭਾਰਤੀ ਸਮਾਜ ਵਿਚ ਮਹੱਤਵਪੂਰਣ ਆਰਥਿਕ ਤਬਦੀਲੀਆਂ ਹੋਈਆਂ ਹਨ ਪਰ ਇਹ ਆਰਥਿਕ ਤਬਦੀਲੀਆਂ ਆਪਣੇ ਆਪ ਵਿੱਚ ਸਮਾਜਿਕ ਪਰਿਵਰਤਨ ਨਹੀਂ ਮੰਨੀਆਂ ਜਾ ਸਕਦੀਆਂ ਹਨ। ਜੇਕਰ ਇਹ ਆਰਥਿਕ ਤਬਦੀਲੀਆਂ ਮਨੁੱਖੀ ਸੰਬੰਧਾਂ, ਸਮਾਜਿਕ ਸੰਬੰਧਾਂ, ਸਮਾਜਿਕ ਸੰਗਠਨਾਂ, ਸਮਾਜਿਕ ਪ੍ਰਕਿਰਿਆਵਾਂ ਅਤੇ ਸਥਾਪਤ ਸਮਾਜਿਕ ਕਦਰਾਂ-ਕੀਮਤਾਂ ਵਿੱਚ ਕੋਈ ਤਬਦੀਲੀ ਲਿਆਉਂਦੀਆਂ ਹਨ ਤਾਂ ਉਸ ਤਬਦੀਲੀ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਜਾਵੇਗਾ। ਜੇਕਰ ਆਰਥਿਕ ਪਰਿਵਰਤਨ ਸਮਾਜਿਕ ਸੰਬੰਧਾਂ ਜਾਂ ਸਮਾਜਿਕ ਢਾਂਚੇ ਵਿੱਚ ਕੋਈ ਵੀ ਤਬਦੀਲੀ ਪੈਦਾ ਨਹੀਂ ਕਰਦਾ ਤਾਂ ਉਸ ਆਰਥਿਕ ਪਰਿਵਰਤਨ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਨਹੀਂ ਦਿੱਤਾ ਜਾ ਸਕਦਾ।

**1.4.6.10. ਰਾਜਨੀਤਿਕ ਪਰਿਵਰਤਨ ਆਪਣੇ ਆਪ ਵਿੱਚ ਸਮਾਜਿਕ ਪਰਿਵਰਤਨ ਨਹੀਂ ਹੁੰਦਾ ਹੈ** : ਹਰੇਕ ਸਮਾਜ ਵਿੱਚ ਨਿਰੰਤਰ ਰਾਜਨੀਤਿਕ ਵਿਕਾਸ ਹੋ ਰਿਹਾ ਹੈ। ਅਜਿਹੇ ਵਿਕਾਸ ਦੇ ਫਲਸਰੂਪ ਹਰੇਕ ਦੇਸ਼ ਵਿੱਚ ਅਨੇਕ ਪ੍ਰਕਾਰ ਦੀਆਂ ਰਾਜਨੀਤਿਕ ਤਬਦੀਲੀਆਂ ਹੋ ਰਹੀਆਂ ਹਨ। ਪਰ ਨਾ ਤਾਂ ਰਾਜਨੀਤਿਕ ਵਿਕਾਸ ਨੂੰ ਅਤੇ ਨਾ ਹੀ ਰਾਜਨੀਤਿਕ ਤਬਦੀਲੀਆਂ ਨੂੰ ਸਮਾਜਿਕ ਪਰਿਵਰਤਨ ਦਾ ਨਾਮ ਦਿੱਤਾ ਜਾ ਸਕਦਾ ਹੈ। ਰਾਜਨੀਤਿਕ ਤਬਦੀਲੀ ਸਮਾਜਿਕ ਪਰਿਵਰਤਨ ਦਾ ਕਾਰਨ ਤਾਂ ਬਣਦੀ ਹੈ ਪਰ ਉਹ ਆਪਣੇ ਆਪ ਵਿੱਚ ਸਮਾਜਿਕ ਪਰਿਵਰਤਨ ਨਹੀਂ ਹੋ ਸਕਦੀ। ਜਦੋਂ ਰਾਜਨੀਤਿਕ ਤਬਦੀਲੀ ਜਾਂ ਵਿਕਾਸ ਸਮਾਜਿਕ ਸੰਬੰਧਾਂ, ਸਥਾਪਿਤ ਸਮਾਜਿਕ ਕਦਰਾਂ ਕੀਮਤਾਂ ਸਮਾਜਿਕ ਢਾਂਚੇ, ਸਮਾਜਿਕ ਸੰਗਠਨ, ਸਮਾਜਿਕ ਪ੍ਰਕਿਰਿਆ ਆਦਿ ਵਿੱਚ ਜਿਹੜੀ ਤਬਦੀਲੀ ਪੈਦਾ ਕਰਦੀ ਹੈ ਉਹ ਤਬਦੀਲੀ ਸਮਾਜਿਕ ਪਰਿਵਰਤਨ ਦਾ ਪ੍ਰਤੀਕ ਹੁੰਦੀ ਹੈ। ਇਸਤਰੀਆਂ ਨੂੰ ਵੋਟ ਦਾ ਅਧਿਕਾਰ ਦੇਣ ਨਾਲ ਇਸਤਰੀਆਂ ਦੀ ਸਮੁੱਚੀ ਸਥਿਤੀ ਵਿੱਚ ਜਿੱਥੇ ਸੁਧਾਰ ਹੋਇਆ ਹੈ ਉੱਥੇ ਇਸਤਰੀਆਂ ਦੇ ਇਸ ਅਧਿਕਾਰ ਨਾਲ ਸਮਾਜਿਕ ਸੰਬੰਧਾਂ ਅਤੇ ਸਮਾਜਿਕ ਢਾਂਚੇ ਵਿਚ ਮਹੱਤਵਪੂਰਨ ਤਬਦੀਲੀ ਆਈ ਹੈ। ਇਸਤਰੀਆਂ ਨੂੰ ਵੋਟ ਦਾ ਅਧਿਕਾਰ ਦੇਣਾ ਸਮਾਜਿਕ ਪਰਿਵਰਤਨ ਨਹੀਂ ਹੈ, ਪਰ ਉਸ ਅਧਿਕਾਰ ਦੇ ਫਲਸਰੂਪ ਸਮਾਜਿਕ ਸੰਬੰਧਾਂ ਅਤੇ ਸਮਾਜਿਕ ਢਾਂਚੇ ਵਿੱਚ ਜੋ ਪਰਿਵਰਤਨ ਹੋਏ ਹਨ ਉਹ ਪਰਿਵਰਤਨ ਹੀ ਸਮਾਜਿਕ ਪਰਿਵਰਤਨ ਦੇ ਪ੍ਰਤੀਕ ਹਨ ।

**1.4.6.11 ਸਮਾਜਿਕ ਪਰਿਵਰਤਨ ਦੇ ਸਾਧਨ** : ਸਮਾਜਿਕ ਪਰਿਵਰਤਨ ਮਨੁੱਖੀ ਯਤਨਾਂ ਤੋਂ ਬਿਨਾਂ ਵੀ ਅਕਸਰ ਹੁੰਦਾ ਹੈ। ਅਚੇਤ ਰੂਪ ਵਿੱਚ ਹੁੰਦੇ ਸਮਾਜਿਕ ਪਰਿਵਰਤਨ ਲਈ ਕੋਈ ਵਿਸ਼ੇਸ਼ ਸਾਧਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਅਜਿਹਾ ਸਮਾਜਿਕ ਪਰਿਵਰਤਨ ਕੁੱਝ ਵਾਪਰੀਆਂ ਘਟਨਾਵਾਂ ਦਾ ਅਚੇਤ ਸਿੱਟਾ ਹੁੰਦਾ ਹੈ। ਪਰ ਸਮਾਜਿਕ ਪਰਿਵਰਤਨ ਮਨੁੱਖਾਂ ਦੇ ਸੁਚੇਤ ਯਤਨਾਂ ਦੁਆਰਾ ਹੀ ਕੀਤਾ ਜਾ ਸਕਦਾ ਹੈ। ਜਦੋਂ ਸਮਾਜ ਸੁਧਾਰ ਅੰਦੋਲਨ ਚਲਾਏ ਜਾਂਦੇ ਹਨ ਤਾਂ ਮਨੁੱਖਾਂ ਦੇ ਸੁਚੇਤ ਯਤਨਾਂ ਦੁਆਰਾ ਸਮਾਜਿਕ ਪਰਿਵਰਤਨ ਲਿਆਉਣ ਲਈ ਯਤਨ ਕੀਤੇ ਜਾ ਰਹੇ ਹੁੰਦੇ ਹਨ। ਜਦੋਂ ਸਮਾਜਿਕ ਪਰਿਵਰਤਨ ਦੇ ਉਦੇਸ਼ ਨਾਲ ਸਰਕਾਰ ਦੁਆਰਾ ਕਾਨੂੰਨਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਤਾਂ ਸਰਕਾਰ ਦਾ ਇਹ ਯਤਨ ਵੀ ਸਮਾਜਿਕ ਪਰਿਵਰਤਨ ਲਈ ਸੁਚੇਤ ਯਤਨ ਹੁੰਦਾ ਹੈ। ਦੂਰਦਰਸ਼ਨ, ਆਕਾਸ਼ਬਾਣੀ, ਅਖਬਾਰਾਂ ਆਦਿ ਦੁਆਰਾ ਜਦੋਂ ਕਿਸੇ ਸਮਾਜਿਕ ਵਿਸ਼ੇ ਸੰਬੰਧੀ ਅਚੇਤ ਰੂਪ ਵਿੱਚ ਲੋਕਾਂ ਦੀ ਰਾਇ ਬਣਦੀ ਹੈ ਤਾਂ ਅਜਿਹੀ ਰਾਇ ਵੀ ਸਮਾਜਿਕ ਪਰਿਵਰਤਨ ਦਾ ਕਾਰਨ ਵੀ ਬਣ ਸਕਦੀ ਹੈ। ਸਾਡੇ ਕਹਿਣ ਦਾ ਭਾਵ ਇਹ ਹੈ ਕਿ ਸਮਾਜਿਕ ਪਰਿਵਰਤਨ ਦੇ ਸਾਧਨ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ ਕਿਉਂਕਿ ਅਨੇਕਾਂ ਹੀ ਘਟਨਾਵਾਂ, ਸਰਕਾਰੀ ਨੀਤੀਆਂ, ਦੂਰਦਰਸ਼ਨ ਅਤੇ ਆਕਾਸ਼ਬਾਣੀ ਤੋਂ ਪ੍ਰਸਾਰਿਤ ਹੁੰਦੇ ਕਾਰਜਕ੍ਰਮ, ਅਖਬਾਰਾਂ ਅਤੇ ਰਸਾਲਿਆਂ ਵਿਚ ਛਪਦੇ ਲੇਖ, ਯੋਗ ਨੇਤਾਵਾਂ ਦੇ ਪ੍ਰਭਾਵਸ਼ਾਲੀ ਭਾਸ਼ਣ, ਵਿੱਦਿਅਕ ਸੰਸਥਾਵਾਂ ਵਿਚ ਦਿੱਤੀ ਜਾਂਦੀ ਵਿੱਦਿਆ ਆਦਿ ਅਚੇਤ ਰੂਪ ਵਿਚ ਸਮਾਜਿਕ ਪਰਿਵਰਤਨ ਦਾ ਕਾਰਨ ਬਣਦੇ ਹਨ।

### ਸਵੈ ਅਭਿਆਸ ਲਈ ਪ੍ਰਸ਼ਨ- II

1. ਸਮਾਜਿਕ ਪਰਿਵਰਤਨ ਸੰਕਲਪ ਦੇ ਕਿਸੇ ਦੋ ਸਿਧਾਂਤਕਾਰਾਂ ਦੇ ਨਾਂ ਦੱਸੋ
2. ਸਮਾਜਿਕ ਪਰਿਵਰਤਨ ਇੱਕ ...............ਵਿੱਧੀ ਹੈ।

### 1.4.7 ਸਾਰੰਸ (Conclusion)

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਪਰਿਵਰਤਨ ਦੀ ਪ੍ਰਕ੍ਰਿਆ ਇਕ ਵਿਲੱਖਣ ਅਤੇ ਵਿਆਪਕ ਪ੍ਰਕ੍ਰਿਆ ਹੈ ਜੋ ਨਿਰੰਤਰ ਹੁੰਦੀ ਰਹਿੰਦੀ ਹੈ ਇਸ ਵਿੱਚ ਬਹੁਤ ਸਾਰੇ ਤੱਤ ਜਾਂ ਕਾਰਕ ਭਾਗ ਲੈਂਦੇ ਹਨ ਅਤੇ ਇਸ ਦੇ ਨਾਂ ਤਾਂ ਸਾਧਨ ਨਿਸ਼ਚਿਤ ਕੀਤੇ ਜਾ ਸਕਦੇ ਹਨ ਨਾ ਹੀ ਸਮਾਂ। ਇਹ ਵਿਕਾਸ ਜਾਂ ਵਿਕਾਸ ਨਾਲ ਸੀਮਿਤ ਵੀ ਨਹੀਂ ਕੀਤੀ ਜਾ ਸਕਦੀ। ਵੱਖ-ਵੱਖ ਸਿਧਾਂਤਾਂ ਰਾਹੀਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

### 1.4.8. ਸਵੈ-ਅਭਿਆਸ ਲਈ ਪ੍ਰਸ਼ਨਾਂ ਦੇ ਉੱਤਰ :-